World Punjabi News Network
WORLD PUNJABI ਪੰਜਾਬੀ | پنجابی NEWS
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਹੁਣ ਰਿਕਵਰੀ ਤੋਂ ਤਿੰਨ ਮਹੀਨੇ ਬਾਅਦ ਲੱਗੇਗਾ ਕਰੋਨਾ ਰੋਕੂ ਟੀਕਾ

## ਭਾਰਤ ਸਰਕਾਰ ਵੱਲੋਂ ਵੈਕਸੀਨ ਨੀਤੀ 'ਚ ਬਦਲਾਅ; ਦੁੱਧ ਚੁੰਘਾਉਣ ਵਾਲੀਆਂ ਮਾਵਾਂ ਨੂੰ ਟੀਕਾ ਲਾਉਣ ਦੀ ਸਿਫ਼ਾਰਿਸ਼



**ਨਵੀਂ ਦਿੱਲੀ।** ਭਾਰਤ ਨੇ ਆਪਣੀ ਕੋਵਿਡ ਵੈਕਸੀਨ ਨੀਤੀ ਵਿਚ ਤਬਦੀਲੀ ਕੀਤੀ ਹੈ। ਬੱਚਿਆਂ ਨੂੰ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਟੀਕਾਕਰਨ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਲੈਬ ਵੱਲੋਂ ਜਿਨ੍ਹਾਂ ਕੇਸਾਂ ਦੀ ਪਾਜ਼ੇਟਿਵ ਹੋਣ ਦੀ ਪੁਸ਼ਟੀ ਕੀਤੀ ਜਾ ਚੁੱਕੀ ਹੈ, ਉਨ੍ਹਾਂ ਵਿਅਕਤੀਆਂ ਦਾ ਟੀਕਾਕਰਨ ਰਿਕਵਰੀ ਤੋਂ ਬਾਅਦ ਤਿੰਨ ਮਹੀਨੇ ਲਈ ਟਾਲ ਦਿੱਤਾ ਗਿਆ ਹੈ। ਸਿਹਤ ਮੰਤਰਾਲੇ ਨੇ ਕੌਮੀ ਤਕਨੀਕੀ ਸਲਾਹਕਾਰ ਗਰੁੱਪ ਦੀਆਂ ਕਈ ਸਿਫ਼ਾਰਿਸ਼ਾਂ ਮੰਨ ਲਈਆਂ ਹਨ। ਗਰੁੱਪ ਨੇ ਕਿਹਾ ਕਿ ਬਦਲਾਅ ਸਬੂਤਾਂ 'ਤੇ ਅਧਾਰਿਤ ਹਨ। ਜੇ ਵਿਅਕਤੀ ਪਹਿਲੀ ਡੋਜ਼ ਤੋਂ ਬਾਅਦ ਲਾਗ਼ ਦਾ ਸ਼ਿਕਾਰ ਹੁੰਦਾ ਹੈ, ਤਾਂ ਰਿਕਵਰੀ ਤੋਂ ਬਾਅਦ ਦੂਜੀ ਡੋਜ਼ ਤਿੰਨ ਮਹੀਨੇ ਲਈ ਟਾਲ ਦਿੱਤੀ ਜਾਵੇਗੀ। ਪਹਿਲਾਂ ਲਾਗੂ ਨੀਤੀ ਵਿਚ ਕਿਸੇ ਵੀ ਤਰ੍ਹਾਂ ਦੀ ਐਲਰਜੀ ਵਾਲੇ ਵਿਅਕਤੀਆਂ, ਗਰਭਵਤੀ ਤੇ ਦੁੱਧ ਚੁੰਘਾ ਰਹੀਆਂ ਮਾਵਾਂ ਨੂੰ ਟੀਕਾਕਰਨ ਤੋਂ ਬਾਹਰ ਰੱਖਿਆ ਗਿਆ ਸੀ। ਗਰਭਵਤੀ ਮਾਵਾਂ ਤੇ ਐਲਰਜੀ ਦੇ ਕੇਸ ਵਿਚ ਟੀਕਾਕਰਨ ਦੀ ਸਿਫਾਰਿਸ਼ ਹਾਲੇ ਨਹੀਂ ਕੀਤੀ ਗਈ।

# ਪੰਜਾਬ ਦੀ ਦੂਜੀ ਆਕਸੀਜਨ ਐਕਸਪ੍ਰੈਸ 30 ਮੀਟ੍ਰਿਕ ਟਨ ਤਰਲ ਮੈਡੀਕਲ ਆਕਸੀਜਨ ਲੈ ਕੇ ਬਠਿੰਡਾ ਲਈ ਰਵਾਨਾ

**ਚੰਡੀਗੜ੍ਹ।** ਤਰਲ ਮੈਡੀਕਲ ਆਕਸੀਜਨ (ਐਲ.ਐਮ.ਓ.) ਦੀ ਸਪਲਾਈ ਵਿੱਚ ਹੋਰ ਤੇਜ਼ੀ ਲਿਆਉਂਦਿਆਂ ਪੰਜਾਬ ਦੀ ਦੂਜੀ ਆਕਸੀਜਨ ਐਕਸਪ੍ਰੈਸ, ਹਜ਼ੀਰਾ ਤੋਂ ਚੱਲ ਕੇ 19 ਮਈ ਅੱਜ ਸ਼ਾਮ ਨੂੰ ਬਠਿੰਡਾ ਪਹੁੰਚ ਜਾਵੇਗੀ। ਇਸ ਵਿੱਚ 30 ਮੀਟ੍ਰਿਕ ਟਨ ਮੈਡੀਕਲ ਆਕਸੀਜਨ ਲਿਆਂਦੀ ਜਾ ਰਹੀ ਹੈ । ਇਸ ਨਾਲ ਪੰਜਾਬ ਦੇ ਦੱਖਣੀ ਹਿੱਸਿਆਂ ਵਿੱਚ ਇਸ ਜੀਵਨ ਰੱਖਿਅਕ ਆਕਸੀਜਨ ਦੀ ਉਲਬਧਤਾ ਵਿੱਚ ਤੇਜ਼ੀ ਆਵੇਗੀ ।

ਇਹ ਪ੍ਰਗਟਾਵਾ ਕਰਦਿਆਂ ਆਕਸੀਜਨ ਕੰਟਰੋਲ ਰੂਮ ਦੀ ਨਿਗਰਾਨੀ ਕਰ ਰਹੇ ਸੀਨੀਅਰ ਆਈ.ਏ.ਐਸ. ਅਧਿਕਾਰੀ ਰਾਹੁਲ ਤਿਵਾੜੀ ਨੇ ਦੱਸਿਆ ਕਿ ਵਿਭਾਗ ਨੇ ਆਕਸੀਜਨ ਦੀ ਘਾਟ 'ਤੇ ਕਾਬੂ ਪਾ ਲਿਆ ਹੈ ਅਤੇ ਕੋਵਿਡ ਮਰੀਜ਼ਾਂ ਨੂੰ ਲੋੜੀਂਦੀ ਅਤੇ ਨਿਰਵਿਘਨ ਮੈਡੀਕਲ ਆਕਸੀਜਨ ਦੀ ਸਪਲਾਈ ਮੁਹੱਈਆ ਕਰਵਾਉਣ ਲਈ ਸਾਰੇ ਸੰਭਵ ਸਰੋਤਾਂ ਨੂੰ ਜੁਟਾਇਆ ਗਿਆ ਹੈ।

ਵਿਭਾਗ ਵਲੋਂ ਐਕਸਪ੍ਰੈਸ ਰੇਲ ਗੱਡੀਆਂ ਰਾਹੀਂ ਅਤਿ-ਲੋੜੀਂਦੀ ਆਕਸੀਜਨ ਦੀ ਸਪਲਾਈ ਨੂੰ ਹੋਰ ਸੁਚਾਰੂ ਬਨਾਉਣ ਲਈ ਮਾਰਕਫੈੱਡ ਦੀਆਂ ਸੇਵਾਵਾਂ ਵੀ ਲਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਪਹਿਲੀ ਆਕਸੀਜਨ ਐਕਸਪ੍ਰੈਸ ਬੋਕਾਰੋ ਤੋਂ ਫਿਲੌਰ ਤੱਕ ਚਲਾਈ ਗਈ ਸੀ ਜੋ ਕਿ ਹੁਣ ਨਿਰੰਤਰ ਰੂਪ ਵਿੱਚ ਪੰਜਾਬ ਲਈ 40 ਮੀਟ੍ਰਿਕ ਟਨ ਤਰਲ ਮੈਡੀਕਲ ਆਕਸੀਜਨ ਸਪਲਾਈ ਕਰਦੀ ਹੈ। ਇਹ ਆਕਸੀਜਨ ਪੰਜਾਬ ਦੇ ਕੇਂਦਰੀ ਅਤੇ ਉੱਤਰੀ ਭਾਗਾਂ ਵਿੱਚ ਵੰਡੀ ਜਾ ਰਹੀ ਹੈ।



ਮਰੀਜ਼ਾਂ ਨੂੰ ਮਿਆਰੀ ਸਿਹਤ ਸਿਹੂਲਤਾਂ ਦੇਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਤਿਵਾੜੀ ਨੇ ਕਿਹਾ ਕਿ ਦੂਜੀ ਰੇਲ ਗੱਡੀ ਅੱਜ ਸ਼ਾਮ ਬਠਿੰਡਾ ਆ ਜਾਵੇਗੀ ਅਤੇ ਸਬੰਧਤ ਡਿਪਟੀ ਕਮਿਸ਼ਨਰ ਨੂੰ ਆਕਸੀਜਨ ਦੀ ਖੇਪ ਉਪਲਬਧ ਹੋ ਜਾਵੇਗੀ। ਉਨਾਂ ਕਿਹਾ ਕਿ ਇਸ ਸਬੰਧ ਵਿੱਚ ਅਸੀਂ ਢੁਕਵੀਂ ਯੋਜਨਾਬੰਦੀ ਅਤੇ ਸਾਰੇ ਸੰਭਵ ਸਰੋਤਾਂ ਤੋਂ ਡਾਕਟਰੀ ਸਪਲਾਈ ਨੂੰ ਯਕੀਨੀ ਬਣਾਉਣ 'ਤੇ ਕੰਮ ਕਰ ਰਹੇ ਹਾਂ ਅਤੇ ਸੂਬਾ ਸਰਕਾਰ ਹੁਣ ਕੇਂਦਰ ਸਰਕਾਰ 'ਤੇ ਟੈਂਕਰਾਂ ਦੇ ਕੋਟੇ ਨੂੰ ਵਧਾਉਣ ਲਈ ਵੀ ਜ਼ੋਰ ਪਾ ਰਹੀ ਹੈ। ਤਿਵਾੜੀ ਨੇ ਕਿਹਾ ਕਿ ਮੁੱਖ ਮੰਤਰੀ ਨੇ ਸਪੱਸ਼ਟ ਨਿਰਦੇਸ਼ ਦਿੱਤੇ ਹਨ ਕਿ ਹਰ ਮਰੀਜ਼ ਲਈ ਲੋੜੀਂਦਿਆਂ ਸਿਹਤ ਸਹੂਲਤਾਂ ਨੂੰ ਯਕੀਨੀ ਬਣਾਇਆ ਜਾਵੇ ਅਤੇ ਅਸੀਂ ਇਸ ਨੂੰ ਯਕੀਨੀ ਬਣਾਉਣ ਲਈ ਪੂਰੀ ਸੁਹਿਰਦ ਕੋਸ਼ਿਸ਼ ਕਰ ਰਹੇ ਹਾਂ। ਉਨ੍ਹਾਂ ਨੇ ਵਾਇਰਸ ਦੇ ਫੈਲਾਅ ਦੀ ਲੜੀ ਨੂੰ ਤੋੜਨ ਲਈ ਲੋਕਾਂ ਨੂੰ ਸਾਰੇ ਪ੍ਰੋਟੋਕਾਲਾਂ ਦੀ ਪਾਲਣਾ ਕਰਨ ਦੀ ਅਪੀਲ ਵੀ ਕੀਤੀ।


# ਪੰਜਾਬ 'ਚ ਤਾਊਤੇ ਤੂਫਾਨ ਦਸਤਕ, ਭਾਰੀ ਮੀਂਹ ਪੈਣ ਦੀ ਚਿਤਾਵਨੀ



**ਚੰਡੀਗੜ੍ਹ।** ਤਾਊਤੇ ਤੂਫਾਨ ਨੇ ਗੁਜਰਾਤ ਵਿਚ ਤਬਾਹੀ ਮਚਾਈ ਹੈ। ਹੁਣ ਇਹ ਰਾਜਸਥਾਨ ਵੱਲ ਵਧ ਰਿਹਾ ਹੈ। ਇਸ ਦੇ ਕਾਰਨ 19 ਅਤੇ 20 ਮਈ ਨੂੰ ਚੰਡੀਗੜ੍ਹ ਅਤੇ ਪੰਜਾਬ ਦੇ ਬਹੁਤ ਸਾਰੇ ਖੇਤਰ ਇਸ ਦੀ ਲਪੇਟ ਵਿਚ ਆ ਸਕਦੇ ਹਨ। ਪੰਜਾਬ ਅਤੇ ਹਰਿਆਣਾ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਸੱਤ ਤੋਂ 10 ਸੈ.ਮੀ. ਤੱਕ ਬਾਰਸ਼ ਹੋ ਸਕਦੀ ਹੈ। ਉਸੇ ਸਮੇਂ, ਹਵਾਵਾਂ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਚੱਲ ਸਕਦੀਆਂ ਹਨ। ਇਹ ਜਾਣਕਾਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਦੇ ਮੌਸਮ ਵਿਭਾਗ ਦੇ ਮੁਖੀ ਡਾ ਕੇ ਕੇ ਗਿੱਲ ਨੇ ਦਿੱਤੀ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਕਈ ਇਲਾਕਿਆਂ ਵਿੱਚ ਬਾਰਸ਼ ਹੋਣ ਦੀ ਉਮੀਦ ਸੀ। ਇਸ ਤੋਂ ਇਲਾਵਾ ਦੱਖਣ ਪੱਛਮੀ ਮਾਨਸੂਨ 22 ਮਈ ਤੱਕ ਅੰਡੇਮਾਨ ਪਹੁੰਚ ਜਾਵੇਗਾ। ਬੁੱਧਵਾਰ ਸਵੇਰੇ ਹੀ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਕਾਲੇ ਬਦਲਾਂ ਨਾਲ ਅਸਮਾਲ ਘਿਰ ਗਿਆ ਤੇ ਤੇਜ਼ ਹਵਾਵਾਂ ਚੱਲਣੀਆਂ ਸ਼ੁਰੂ ਹੋ ਗਈਆਂ ਸੀ। ਇਸ ਦੇ ਨਾਲ ਲੋਕਾਂ ਨੂੰ ਪਿੱਛਲੇ ਦੋ ਦਿਨਾਂ ਤੋਂ ਪੈ ਰਹੀ ਤੇਜ਼ ਗਰਮੀ ਤੋਂ ਹਲਕੀ ਰਾਹਤ ਜ਼ਰੂਰ ਮਿਲੀ ਹੈ। ਪੰਜਾਬ ਦੇ ਕਈ ਹਿੱਸਿਆਂ ਵਿੱਚ ਬੱਦਲਵਾਈ ਤੇ ਗਰਜਾਂ ਦੇ ਨਾਲ ਹਲਕੇ ਤੋਂ ਦਰਮਿਆਨਾਂ ਮੀਂਹ ਵੀ ਪੈ ਸਕਦਾ ਹੈ। ਹਾਲਾਂਕਿ 21 ਮਈ ਤੋਂ ਪੰਜਾਬ ਦਾ ਮੌਸਮ ਸਾਫ ਹੋ ਜਾਵੇਗਾ।

OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਕਰੋਨਾ ਸੰਕਟ: ਫ਼ੌਜੀਆਂ ਦੀ ਖੁਆਰੀ



ਕਰੋਨਾਵਾਇਰਸ ਨੇ ਸੰਸਾਰ ਭਰ ਦੇ ਮੁਲਕਾਂ ਨੂੰ ਲਪੇਟ ਵਿਚ ਲੈ ਲਿਆ, ਕਿਸੇ ਨੂੰ ਵੱਧ ਤੇ ਦੂਸਰੇ ਨੂੰ ਘੱਟ। ਭਾਰਤ ਵਿਚ ਕੋਵਿਡ-19 ਦੇ ਮਾਮਲਿਆਂ ਵਿਚ ਬੜੀ ਤੇਜ਼ੀ ਆਈ ਹੈ। ਇਸ ਸੁਨਾਮੀ ਨੂੰ ਠੱਲ੍ਹ ਪਾਉਣ ਖਾਤਰ ਲੋਕਤੰਤਰ ਦੇ ਚਾਰ ਵੱਡੇ ਥੰਮ੍ਹ-ਭਾਵ ਨਿਆਂਪਾਲਿਕਾ, ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਮੀਡੀਆ, ਹਰਕਤ 'ਚ ਆ ਗਏ। ਫਿਰ ਫ਼ੌਜ ਪਿੱਛੇ ਕਿਵੇਂ ਰਹਿੰਦੀ?

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ 7 ਮਈ ਨੂੰ ਅਖ਼ਬਾਰਾਂ ਵਿਚ ਛਪੇ ਆਪਣੇ ਲੇਖ 'ਚ ਵਿਸਥਾਰ ਨਾਲ ਜਾਣਕਾਰੀ ਦਿੱਤੀ ਕਿ ਕਿਵੇਂ ਆਰਮਡ ਫੋਰਸਿਜ਼, ਮੈਡੀਕਲ ਸਰਵਿਸਿਜ਼ (ਏਐੱਫਐੱਮਐੱਸ) ਰੱਖਿਆ ਖੋਜ ਤੇ ਵਿਕਾਸ ਸੰਗਠਨ (ਡੀਆਰਡੀਓ) ਕੰਟੋਨਮੈਂਟ ਬੋਰਡ ਤੇ ਕੁਝ ਹੋਰ ਰੱਖਿਆ ਅਦਾਰਿਆਂ ਨੇ ਕੋਵਿਡ ਦੇਖ-ਭਾਲ ਲਈ ਮੈਡੀਕਲ ਸਹੂਲਤਾਂ ਦੀ ਤੁਰੰਤ ਪੂਰਤੀ ਲਈ ਕੋਵਿਡ ਹਸਪਤਾਲ ਅਤੇ ਬਾਕੀ ਲੋੜੀਂਦੀ ਵਿਵਸਥਾ ਕੀਤੀ ਹੈ; ਅਗਲੇ ਹੀ ਦਿਨ ਰੱਖਿਆ ਮੰਤਰਾਲੇ ਦੇ ਬਿਆਨ ਵਿਚ ਬਹੁਤ ਸਾਰੇ ਜੰਗਜੂਆਂ ਨੂੰ ਕੋਵਿਡ ਕਹਿਰ ਦੌਰਾਨ ਮਿਲਟਰੀ ਹਸਪਤਾਲਾਂ ਵਿਚ ਸੀਮਤ ਜਗ੍ਹਾ ਹੋਣ ਕਾਰਨ, ਐਕਸ-ਸਰਵਿਸਮੈਨ ਕੰਟਰੀਬਿਊਟਰੀ ਹੈਲਥ ਸਕੀਮ (ਈਸੀਐੱਚਐੱਸ) ਦੇ ਅੰਤਰਗਤ ਇੰਪੈਨਲਡ ਸਿਵਲ ਹਸਪਤਾਲਾਂ 'ਚ ਵੀ ਦਾਖਲਾ ਨਾ ਮਿਲਣ ਦੀ ਜ਼ਿੰਮੇਵਾਰੀ ਦਾ ਭਾਂਡਾ ਈਸੀਐੱਚਐੱਸ ਦੇ ਸਿਰ ਭੰਨ ਦਿੱਤਾ।

ਸੰਕਟ ਸਮੇਂ ਜਦੋਂ ਪ੍ਰਸ਼ਾਸਨ ਹੱਥ ਖੜ੍ਹੇ ਕਰ ਦੇਵੇ ਤਾਂ ਅਕਸਰ ਫ਼ੌਜ ਨੂੰ ਯਾਦ ਕੀਤਾ ਜਾਂਦਾ ਹੈ। ਇਸ ਦੀ ਤਾਜ਼ਾ ਮਿਸਾਲ ਇਹ ਹੈ ਕਿ ਜਦੋਂ ਇਸ ਨਾਮੁਰਾਦ ਵਾਇਰਸ ਨੇ ਬੀਤੇ ਸਾਲ ਘੁਸਪੈਠ ਕੀਤੀ ਤਾਂ ਫੌਜ ਮੁਖੀ ਜਨਰਲ ਮਨੋਜ ਮੁਕੰਦ ਨਰਵਾਣੇ ਨੇ ਇਸ ਅਦ੍ਰਿਸ਼ ਵੈਰੀ ਵਿਰੁੱਧ ਅਪ੍ਰੇਸ਼ਨ ਕੋਡ 'ਨਮਸਤੇ' ਅਧੀਨ ਜੰਗ ਦਾ ਬਿਗੁਲ ਵਜਾ ਕੇ ਫ਼ਤਿਹ ਹਾਸਲ ਕੀਤੀ। ਹੁਣ ਇਸ ਸੁਨਾਮੀ ਨਾਲ ਜੰਗੀ ਪੱਧਰ ਤੇ ਨਜਿੱਠਣ ਖਾਤਰ ਅਪਰੇਸ਼ਨ 'ਕੋ-ਜੀਤ' ਆਰੰਭ ਦਿੱਤਾ ਹੈ।

ਦੱਸਣਯੋਗ ਹੈ ਕਿ ਪੱਛਮੀ ਆਰਮੀ ਕਮਾਂਡ ਦੀ ਅਪ੍ਰੇਸ਼ਨਲ ਜ਼ਿੰਮੇਵਾਰੀ ਦਾ ਇਲਾਕਾ ਪੰਜਾਬ, ਹਿਮਾਚਲ, ਹਰਿਆਣਾ ਤੇ ਜੰਮੂ ਕਸ਼ਮੀਰ ਨਾਲ ਵੀ ਸਬੰਧਤ ਹੈ ਤੇ ਦਿੱਲੀ ਦੇ ਮੈਡੀਕਲ ਤੇ ਫ਼ੌਜ ਦੇ ਪ੍ਰਬੰਧਕੀ ਢਾਂਚੇ ਦਾ ਕੰਟਰੋਲ ਵੀ ਪੱਛਮੀ ਕਮਾਂਡ ਦਾ ਹੀ ਹੈ। ਹੁਣ ਇਸ ਨੇ ਸੂਬਾ ਸਰਕਾਰਾਂ ਦੀ ਲੋੜ ਅਨੁਸਾਰ ਕਰੋਨਾ ਮਹਾਮਾਰੀ ਨੂੰ ਠੱਲ੍ਹ ਪਾਉਣ ਖਾਤਰ ਮੋਰਚਾ ਸੰਭਾਲ ਲਿਆ ਹੈ। ਪੰਜਾਬ ਯੂਨੀਵਰਸਿਟੀ ਦੇ ਇੰਟਰਨੈਸ਼ਨਲ ਹੋਸਟਲ ਵਿਚ ਫ਼ੌਜ ਨੇ 100 ਬਿਸਤਰਿਆਂ ਦਾ ਕੋਵਿਡ ਕੇਅਰ ਸੈਂਟਰ ਦਾ ਉਦਘਾਟਨ ਚੰਡੀਗੜ੍ਹ ਦੇ ਪ੍ਰਸ਼ਾਸਕ ਵੀਪੀ ਸਿੰਘ ਬਦਨੌਰ ਤੇ ਆਰਮੀ ਕਮਾਂਡਰ ਲੈਫ. ਜਨਰਲ ਆਰਪੀ ਸਿੰਘ ਨੇ 10 ਮਈ ਨੂੰ ਕੀਤਾ। ਪਟਿਆਲਾ ਅਤੇ ਫ਼ਰੀਦਾਬਾਦ ਵਿਚ ਵੀ 100-100 ਬੈੱਡ ਵਾਲੇ ਹਸਪਤਾਲ ਕਾਇਮ ਕੀਤੇ ਹਨ ਤੇ ਮੁਹਾਲੀ ਵਿਚ ਕਾਰਵਾਈ ਜਾਰੀ ਹੈ। ਆਰਮੀ ਕਮਾਂਡਰ ਮੁਤਾਬਿਕ ਇਸ ਕਿਸਮ ਦੇ ਹਸਪਤਾਲ ਜੰਗ ਵੇਲੇ ਤਿਆਰ ਕੀਤੇ ਜਾਂਦੇ ਹਨ, ਆਕਸੀਜਨ ਦੀ ਕਮੀ ਪੂਰੀ ਕਰਨ ਲਈ ਨੰਗਲ ਵਿਚ ਕਈ ਸਾਲਾਂ ਤੋਂ ਬੰਦ ਪਏ ਪਲਾਂਟ ਨੂੰ ਚਾਲੂ ਕਰਨ ਲਈ ਫ਼ੌਜ ਦੇ ਇੰਜੀਨੀਅਰ ਤੇ ਮਕੈਨੀਕਲ ਟੀਮ ਕੰਮ ਕਰ ਰਹੀ ਹੈ। ਮੰਡੀ ਗੋਬਿੰਦਗੜ੍ਹ ਤੇ ਰਾਜਪੁਰਾ ਵਾਲੇ ਆਕਸੀਜਨ ਪਲਾਂਟਾਂ 'ਚ ਮਿਕਦਾਰ ਵਧਾਈ ਜਾ ਰਹੀ ਹੈ।

ਰੱਖਿਆ ਮੰਤਰੀ ਨੇ ਆਪਣੇ ਲੇਖ ਵਿਚ ਬਿਆਨ ਕੀਤਾ ਕਿ ਕਿਵੇਂ ਰੱਖਿਆ ਬਲ ਵੀ ਅਦ੍ਰਿਸ਼ ਪਰ ਡਾਢੇ ਖ਼ਤਰਨਾਕ ਦੁਸ਼ਮਣ ਵਿਰੁੱਧ ਇਸ ਜੰਗ ਵਿਚ ਆ ਡਟੇ ਹਨ ਤੇ ਉਨ੍ਹਾਂ ਹਥਿਆਰਬੰਦ ਸੈਨਾਵਾਂ ਨੂੰ ਐਮਰਜੈਂਸੀ ਵਿੱਤੀ ਸ਼ਕਤੀਆਂ ਦਿੱਤੀਆਂ ਹਨ। ਅੰਕੜੇ ਪੇਸ਼ ਕਰਦਿਆਂ ਰੱਖਿਆ ਮੰਤਰੀ ਨੇ ਦਰਜ ਕੀਤਾ ਕਿ ਮਿਲਟਰੀ ਹਸਪਤਾਲਾਂ ਵਿਚ 750 ਬਿਸਤਰੇ ਆਮ ਸ਼ਹਿਰੀਆਂ ਦੀ ਵਰਤੋਂ ਲਈ ਰੱਖੇ ਗਏ ਹਨ ਜਦਕਿ ਏਐੱਫਐੱਮਐੱਸ ਨੇ ਵੀ 19 ਹਸਪਤਾਲ, 4000 ਤੋਂ ਵੱਧ ਬਿਸਤਰੇ ਅਤੇ 585 ਆਈਸੀਯੂ ਇਕਾਈਆਂ ਪੂਰੇ ਮੁਲਕ ਵਿਚ ਸਮਰਪਿਤ ਕੀਤੀਆਂ ਹਨ। ਦਿੱਲੀ ਦਾ ਬੇਸ ਹਸਪਤਾਲ ਕੋਵਿਡ ਹਸਪਤਾਲ ਵਿਚ ਤਬਦੀਲ ਕੀਤਾ ਗਿਆ ਹੈ ਜਿਸ ਦੀ ਸਮਰੱਥਾ 400 ਤੋਂ ਵਧਾ ਕੇ 1000 ਬਿਸਤਰੇ ਕੀਤੀ ਜਾ ਰਹੀ ਹੈ। ਡੀਆਰਡੀਓ ਨੇ ਨਵੀਂ ਦਿੱਲੀ ਅਤੇ ਲਖਨਊ ਵਿਚ 500 ਬਿਸਤਰਿਆਂ ਵਾਲੀ ਇਕ ਇਕ ਕੋਵਿਡ-19 ਸਹੂਲਤ ਸਥਾਪਿਤ ਕੀਤੀ ਹੈ, ਅਹਿਮਦਾਬਾਦ ਵਿਚ 900 ਬਿਸਤਰਿਆਂ ਵਾਲਾ ਹਸਪਤਾਲ ਤੇ ਹੋਰ ਸਹੂਲਤਾਂ ਦਾ ਜ਼ਿਕਰ ਕਰਦਿਆਂ ਭਾਰਤੀ ਹਵਾਈ ਫ਼ੌਜ ਅਤੇ ਸਮੁੰਦਰੀ ਫ਼ੌਜ ਵੱਲੋਂ ਲਾਜਿਸਟਿਕਸ ਸਹਾਇਤਾ ਦਾ ਜ਼ਿਕਰ ਵੀ ਕੀਤਾ ਹੈ।

ਦਸਤੂਰ ਅਨੁਸਾਰ ਸਾਬਕਾ ਫ਼ੌਜੀ, ਉਨ੍ਹਾਂ ਦੇ ਪਰਿਵਾਰ ਤੇ ਵਿਧਵਾਵਾਂ ਮੈਡੀਕਲ ਕੇਅਰ ਵਾਸਤੇ ਮਿਲਟਰੀ ਹਸਪਤਾਲਾਂ ਤੋਂ ਇਲਾਵਾ ਈਸੀਐੱਚਐੱਸ ਦੇ ਇੰਪੈਨਲਡ ਹਸਪਤਾਲਾਂ ਤੋਂ ਵੀ ਇਲਾਜ ਕਰਵਾਉਣ ਦੇ ਹੱਕਦਾਰ ਹਨ। ਡਾਇਰੈਕਟਰ ਜਨਰਲ ਆਰਮਡ ਫੋਰਸਿਜ਼ ਮੈਡੀਕਲ ਸਰਵਿਸਿਜ਼ (ਡੀਜੀਏਐੱਫਐੱਮਐੱਸ) ਤੇ ਆਰਮੀ ਕਮਾਂਡਰਾਂ ਨੇ ਹਦਾਇਤਾਂ ਜਾਰੀ ਕਰ ਕੇ ਯਕੀਨ ਦਿਵਾਇਆ ਕਿ ਸਾਬਕਾ ਫ਼ੌਜੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਰੋਨਾ ਮਹਾਮਾਰੀ ਸਮੇਂ ਹਰ ਕਿਸਮ ਦੀ ਸਹਾਇਤਾ ਦਿੱਤੀ ਜਾਵੇਗੀ ਪਰ ਅਫ਼ਸੋਸ ਕਿ ਕਈ ਕੇਸ ਐਸੇ ਸਾਹਮਣੇ ਆਏ ਹਨ ਜਿਨ੍ਹਾਂ ਨੂੰ ਨਾ ਮਿਲਟਰੀ ਹਸਪਤਾਲਾਂ ਵਿਚ ਦਾਖਲ ਕੀਤਾ ਅਤੇ ਨਾ ਹੀ ਇੰਪੈਨਲਡ ਹਸਪਤਾਲਾਂ ਵਿਚ ਮੈਡੀਕਲ ਸਹਾਇਤਾ ਮੁਹੱਈਆ ਕਰਵਾਈ ਗਈ ਅਤੇ ਉਹ ਖੱਜਲ-ਖੁਆਰੀ ਵਿਚ ਹੀ ਚਲ ਵਸੇ।

ਬ੍ਰਿਗੇ. ਰਵੀ ਸਹਿਗਲ ਤੇ ਬ੍ਰਿਗ. ਆਰਐੱਸ ਪਰਮਾਰ ਦਿੱਲੀ ਛਾਉਣੀ ਦੇ ਬੇਸ ਹਸਪਤਾਲ ਦੇ ਰਿਸੈਪਸ਼ਨ ਸੈਂਟਰ ਵਿਚ ਬਿਸਤਰਿਆਂ ਦੀ ਇੰਤਜ਼ਾਰ 'ਚ ਹੀ ਦਮ ਤੋੜ ਗਏ। ਲੈਫ. ਜਨਰਲ ਵੀਕੇ ਸ਼ਰਮਾ (ਰਿਟਾ.) ਨੇ ਸੋਸ਼ਲ ਮੀਡੀਆ ਦੀ ਪੋਸਟ ਵਿਚ ਜ਼ਿਕਰ ਕੀਤਾ ਕਿ ਉਨ੍ਹਾਂ ਕਰੋਨਾ ਪੀੜਤ ਆਪਣੇ ਕਰੀਬੀ ਮਿੱਤਰ ਮੇਜਰ ਜਨਰਲ ਵੀਕੇ ਨਾਰੰਗ ਦੇ ਇਲਾਜ ਵਾਸਤੇ ਬੇਸ ਹਸਪਤਾਲ ਦੇ ਕਮਾਂਡੈਂਟ ਨਾਲ ਸੰਪਰਕ ਕਰ ਕੇ ਉਨ੍ਹਾਂ ਨੂੰ ਲੋੜੀਂਦੀ ਸਹਾਇਤਾ ਵਾਸਤੇ ਬੇਨਤੀ ਕੀਤੀ ਪਰ ਗੱਲ ਨਾ ਬਣੀ ਤੇ ਉਹ ਵੀ ਚਲ ਵਸੇ। ਇਕ ਹੋਰ ਅਫ਼ਸਰ ਨੂੰ ਜਦੋਂ ਦਿੱਲੀ ਦੇ ਕਿਸੇ ਵੀ ਇੰਪੈਨਲਡ ਹਸਪਤਾਲ ਵਿਚ ਜਗ੍ਹਾ ਨਾ ਮਿਲੀ ਤਾਂ ਉਸ ਨੇ ਚੰਡੀਗੜ੍ਹ ਦਾ ਰੁਖ਼ ਕੀਤਾ ਪਰ ਕਾਦਰ ਕਰੀਮ ਨੂੰ ਮਨਜ਼ੂਰ ਨਹੀਂ ਸੀ। ਇਉਂ ਵਿੰਗ ਕਮਾਂਡਰ ਆਰਐੱਸ ਬਾਜਪਾਈ ਨੇ ਜਦੋਂ ਇਹ ਮਹਿਸੂਸ ਕੀਤਾ ਕਿ ਉਸ ਦੀ ਆਕਸੀਜਨ ਪੱਧਰ ਘਟ ਰਹੀ ਹੈ ਤਾਂ ਉਸ ਨੇ 7 ਏਅਰਫੋਰਸ ਹਸਪਤਾਲ, ਕਾਨਪੁਰ ਛਾਉਣੀ ਵੱਲ ਰੁਖ਼ ਕੀਤਾ ਪਰ ਉਸ ਨੂੰ ਦਾਖਲ ਨਾ ਕੀਤਾ ਗਿਆ। ਫਿਰ ਉਸ ਦੇ ਪੁੱਤਰ ਨੇ ਜੰਗਜੂ ਨੂੰ ਲੈ ਕੇ 6 ਸਿਵਲ ਈਸੀਐੱਚਐੱਸ ਇੰਪੈਨਲਡ ਹਸਪਤਾਲਾਂ ਦੇ ਚੱਕਰ ਕੱਟੇ ਪਰ ਕਿਸੇ ਨੇ ਉਸ ਨੂੰ ਅੰਦਰ ਨਾ ਵੜਨ ਦਿੱਤਾ। ਘਰ ਪਰਤ ਕੇ 23 ਅਪਰੈਲ ਦੀ ਰਾਤ ਨੂੰ ਜ਼ਿੰਦਗੀ ਦੇ ਜੋਖ਼ਮ ਭਰੇ ਆਖਰੀ ਸਫ਼ਰ ਨੂੰ ਬਿਆਨ ਕਰ ਕੇ ਐੱਮਡੀਈਸੀਐੱਚਐੱਸ ਤੇ ਫੇਸਬੁੱਕ ਤੇ ਪੋਸਟ ਪਾਈ ਤੇ 24 ਅਪਰੈਲ ਸਵੇਰੇ 4 ਵਜੇ ਜ਼ਿੰਦਗੀ ਦੀ ਜੰਗ ਹਾਰ ਗਏ। ਜਦੋਂ ਅਜਿਹੀਆਂ ਘਟਨਾਵਾਂ ਦੀ ਗੂੰਜ ਰਾਜਸੀ ਨੇਤਾਵਾਂ ਅਤੇ ਉੱਚ ਅਫਸਰਾਂ ਦੇ ਕੰਨਾਂ ਵਿਚ ਪਈ ਤਾਂ ਰੱਖਿਆ ਮੰਤਰਾਲੇ ਨੇ ਫ਼ੌਜ ਨੂੰ ਈਸੀਐੱਚਐੱਸ ਦਾ ਮੁੜ ਅਧਿਐਨ ਕਰਨ ਬਾਰੇ ਕਿਹਾ। ਭਾਰਤੀ ਫ਼ੌਜ ਨੂੰ ਬੀਤੇ ਵਰ੍ਹੇ ਤਿੰਨ ਮੁਹਾਜ਼ਾਂ 'ਤੇ ਜੰਗ ਲੜਨੀ ਪਈ। ਪਹਿਲਾ ਫਰੰਟ ਕੋਵਿਡ-19 ਨਾਲ, ਦੂਸਰਾ ਪੂਰਬੀ ਲੱਦਾਖ 'ਚ ਪੀਐੱਲਏ ਘੁਸਪੈਠ ਠੱਲ੍ਹਣਾ ਤੇ ਤੀਸਰਾ ਪਾਕਿਸਤਾਨ ਨਾਲ ਅਸਿੱਧੀ ਜੰਗ; ਉਸ ਸਮੇਂ ਵੀ ਬਜਟ ਦੀ ਘਾਟ ਨੂੰ ਸਮਝਦਿਆਂ ਰੱਖਿਆ ਮੰਤਰੀ ਨੇ ਫ਼ੌਜ ਨੂੰ ਕੁਝ ਵਿੱਤੀ ਸ਼ਕਤੀਆਂ ਦਿੱਤੀਆਂ ਸਨ, ਸਮੇਂ ਵੀ ਇੰਜ ਹੀ ਹੋਇਆ ਹੈ। ਲੋੜ ਇਸ ਗੱਲ ਦੀ ਹੈ ਕਿ ਰੱਖਿਆ ਮਾਮਲਿਆਂ ਨਾਲ ਸਬੰਧਤ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਜਿਸ ਦੇ ਚੇਅਰਮੈਨ ਮੇਜਰ ਜਨਰਲ ਬੀਸੀ ਖੰਡੂਰੀ ਸਨ, ਦੀ ਰਿਪੋਰਟ ਜੋ ਪਾਰਲੀਮੈਂਟ ਵਿਚ 9 ਤੇ 10 ਅਗਸਤ 2017 ਨੂੰ ਪੇਸ਼ ਕੀਤੀ ਸੀ, ਨੂੰ ਲਾਗੂ ਕੀਤਾ ਜਾਵੇ ਤਾਂ ਕਿ ਰੱਖਿਆ ਬਜਟ ਡੰਗ-ਟਪਾਊ ਨੀਤੀ ਅਧੀਨ ਨਹੀਂ, ਲੋੜ ਅਨੁਸਾਰ ਪੂਰਾ ਕੀਤਾ ਜਾਵੇ ਤਾਂ ਕਿ ਫ਼ੌਜ ਦੇ ਡਾਕਟਰਾਂ, ਨਰਸਿੰਗ ਤੇ ਪੈਰਾ-ਮੈਡੀਕਲ ਤੇ ਯੰਤਰਾਂ ਆਦਿ ਦੀ ਘਾਟ ਮਹਿਸੂਸ ਨਾ ਹੋਵੇ। ਮੁਲਕ ਅਤੇ ਫ਼ੌਜ ਨੂੰ ਹਰ ਕਿਸਮ ਦੇ ਹੰਗਾਮੀ ਹਾਲਾਤ ਦਾ ਟਾਕਰਾ ਕਰਨ ਵਾਸਤੇ ਤਿਆਰ-ਬਰ-ਤਿਆਰ ਰੱਖਣ ਦੀ ਲੋੜ ਹੋਵੇਗੀ। ਸਰਕਾਰ ਦੀਆਂ ਹੁਣ ਕੁਝ ਅੱਖਾਂ ਤਾਂ ਖੁੱਲ੍ਹੀਆਂ ਹਨ ਪਰ ਕੀ ਸਵੇਰਾ ਹੋਵੇਗਾ?

ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ
*ਲੇਖਕ ਰੱਖਿਆ ਵਿਸ਼ਲੇਸ਼ਕ ਹੈ।
ਸੰਪਰਕ: 0172-2740991

# ਮਨੁੱਖਤਾ ਨੂੰ ਇਸ ਮਹਾਂਮਾਰੀ ਤੋਂ ਬਚਾਉਣ ਲਈ ਰੱਲ ਮਿਲ ਕੇ ਯਤਨ ਕਰਨਾ ਅਤਿ ਜਰੂਰੀ

## ਜਿਨ੍ਹਾਂ ਜਿਆਦਾ ਕਾਨੂੰਨ ਜਰੂਰੀ ਉਸਦੇ ਨਾਲੋਂ ਕਿਤੇ ਜ਼ਿਆਦਾ ਮਰਿਆਦਾ ਦੀ ਅਹਿਮੀਅਤ

ਭਾਰਤ ਦੇਸ਼ ਨੂੰ ਗੁਰੂਆਂ-ਪੀਰਾਂ ਦੀ ਧਰਤੀ ਕਿਹਾ ਜਾਂਦਾ ਹੈ, ਜਿਥੇ ਸਭ ਤੋਂ ਜਿਆਦਾ ਪੂਜਾ-ਪਾਠ, ਦਾਨ ਪੁੰਨ, ਸਮਾਜ ਸੇਵਾ ਦੇ ਕੰਮ ਹੁੰਦੇ ਹਨ ਅਤੇ ਜਿਸ ਦੀਆਂ ਮਿਸਾਲਾਂ ਪੂਰੀ ਦੁਨੀਆਂ ਵਿੱਚ ਦਿੱਤੀਆਂ ਜਾਂਦੀਆਂ ਹਨ ਪਰੰਤੂ ਮੌਜੂਦਾ ਸਮੇਂ ਦੇ ਵਿਚ ਜੋ ਕੁਝ ਦੇਖਣ ਅਤੇ ਸੁਣਨ ਨੂੰ ਮਿਲ ਰਿਹਾ ਹੈ,ਜੋ ਕੁਝ ਮੌਜੂਦਾ ਸਮੇਂ ਵਿਚ ਹੋ ਰਿਹਾ ਹੈ ਉਹ ਗੁਰੂਆਂ-ਪੀਰਾਂ ਦੀ ਸੋਚ ਤੋਂ ਕਿਤੇ ਨਾ ਕਿਤੇ ਉੱਲਟ ਹੁੰਦਾ ਲੱਗ ਰਿਹਾ ਹੈ। ਅੱਜ ਕੋਰੋਨਾ ਦਾ ਵਾਇਰਸ ਬਹੁਤ ਹੀ ਖਤਰਨਾਕ ਰੂਪ ਲੈ ਚੁੱਕਿਆ ਹੈ। ਆਏ ਦਿਨ ਮਰੀਜ਼ਾਂ ਦੀ ਗਿਣਤੀ ਦੇ ਵੱਧਣ ਦੇ ਨਾਲ-ਨਾਲ ਮਰੀਜਾਂ ਦੀ ਮੌਤ ਦੀ ਦਰ ਵਿਚ ਦਿਨੋ ਦਿਨ ਵਧਦੀ ਜਾ ਰਹੀ ਹੈ ਜੋ ਕਿ ਇਸ ਵੇਲੇ ਮਨੁੱਖਤਾ ਦੇ ਲਈ ਬਹੁਤ ਹੀ ਚਿੰਤਾਜਨਕ ਵਿਸ਼ਾ ਬਣਿਆ ਹੋਇਆ ਹੈ। ਆਏ ਦਿਨ ਸ਼ੋਸਲ ਮੀਡਿਆ ਤੇ ਵਾਇਰਲ ਹੁੰਦੀਆਂ ਵੀਡਿਓ ਚਾਹੇ ਉਹ ਇਕ ਪੁਲਿਸ ਅਧਿਕਾਰੀ ਵਲੋਂ ਇੱਕ ਸ਼ਬਜੀ ਵਾਲੇ ਦੀ ਦੁਕਾਨ ਦੇ ਅੱਗੇ ਲੱਗੀ ਇਕ ਟੋਕਰੀ ਨੂੰ ਲੱਤ ਮਾਰਨ ਦੀ ਹੋਵੇ, ਜਲੰਧਰ ਦੇ ਵਿਚ ਇਕ ਬੱਚੇ ਦੀ ਮੌਤ ਦੇ ਬਾਅਦ ਉਸਦੇ ਪਿਤਾ ਵਲੋਂ ਲਾਸ਼ ਨੂੰ ਸ਼ਮਸ਼ਾਨਘਾਟ ਮੋਢੇ ਤੇ ਚੁੱਕ ਕੇ ਲੈ ਜਾਣ ਦੀ ਹੋਵੇ, ਘਰ ਦੇ ਵਿਚ ਹੀ ਗੈਸ ਵਾਲੀ ਭੱਠੀ 'ਤੇ ਸੰਸਕਾਰ ਕਰਨ ਦੀ ਵੀਡਿਓ ਹੋਵੇ ਸਮੇਤ ਕਈ ਹੋਰ ਵੀਡਿਓ ਵਾਇਰਲ ਹੋ ਰਹੀਆਂ ਹਨ ਜਿਸਨੂੰ ਦੇਖ ਕੇ ਇਹ ਮਹਿਸੂਸ ਹੁੰਦਾ ਹੈ ਕਿ ਕਿਤੇ ਨਾ ਕਿਤੇ ਮਨੁੱਖਤਾ ਦੀ ਸੋਚ ਖਤਮ ਹੁੰਦੀ ਜਾ ਰਹੀ ਹੈ। ਦਿਨੋਂ ਦਿਨ ਵਾਇਰਲ ਹੋ ਰਹੀਆਂ ਵੀਡਿਓਜ ਦਾ ਸਿਲਸਿਲਾ ਰੋਜਾਨਾਂ ਹੀ ਵੱਧਦਾ ਜਾ ਰਿਹਾ ਹੈ, ਜਿਸ ਨਾਲ ਕਈ ਸਵਾਲ ਵੀ ਖੜੇ ਹੁੰਦੇ ਹਨ ਜਿਸਦਾ ਜਵਾਬ ਕਿਸੇ ਪਾਸਿਓ ਮਿਲਦਾ ਹੋਇਆ ਦਿਖਾਈ ਨਹੀਂ ਦੇ ਰਿਹਾ। ਕਈ ਵਾਰ ਤਾਂ ਇਸ ਤਰ੍ਹਾਂ ਮਹਿਸੂਸ ਹੋਣ ਲਗਦਾ ਹੈ ਕਿ ਮਨੁੱਖਤਾ ਦਾ ਇਸ ਵੇਲੇ ਗਲਾ ਘੁੱਟਿਆ ਜਾ ਰਿਹਾ ਹੈ, ਇਹ ਕੋਸ਼ਿਸ਼ ਹੋ ਰਹੀ ਹੈ ਕਿ ਹੈਵਾਨੀਅਤ ਦਾ ਬੋਲਬਾਲਾ ਹੋਵੇ ਅਤੇ ਮਨੁੱਖਤਾ ਨੂੰ ਰਹਿਣ ਲਈ ਕੋਈ ਥਾਂ ਹੀ ਨਾ ਰਹਿ ਜਾਵੇ। ਕਾਨੂੰਨ ਦਾ ਪਾਲਣ ਜਿਥੇ ਜਰੂਰੀ ਹੈ, ਇਸਦੇ ਨਾਲ ਮਰਿਆਦਾ ਤੇ ਆਪਸੀ ਸਹਿਯੋਗ ਦੀ ਵੀ ਅਹਿਮੀਅਤ ਵੀ ਕਿਤੇ ਘੱਟ ਨਹੀਂ ਹੈ। ਇਸ ਵੇਲੇ ਇਸ ਸਮੇਂ ਦੀ ਮੰਗ ਨੂੰ ਦੇਖਦੇ ਹੋਏ ਮਨੁੱਖਤਾ ਨੂੰ ਬਚਾਉਣ ਲਈ ਰਲ ਮਿਲ ਕੇ ਯਤਨ ਕਰਨਾ ਬਹੁਤ ਹੀ ਜਰੂਰੀ ਹੁੰਦਾ ਜਾ ਰਿਹਾ ਹੈ ਕਿਉਂਕਿ ਜੇਕਰ ਇਸੇ ਤਰ੍ਹਾਂ ਚੱਲਦਾ ਰਿਹਾ ਹੈ ਤਾਂ ਉਹ ਦਿਨ ਦੂਰ ਨਹੀਂ ਜਦੋਂ ਮਨੁੱਖਤਾ ਖਤਮ ਹੋ ਜਾਵੇਗੀ ਅਤੇ ਹੈਵਾਨੀਅਤ ਦੀ ਸੋਚ ਦਾ ਪਲੜਾ ਭਾਰੀ ਹੋ ਜਾਵੇਗਾ ਅਤੇ ਮਨੁੱਖ ਨੂੰ ਸਾਹ ਲੈਣਾ ਵੀ ਇਸ ਸਮਾਜ ਵਿਚ ਔਖਾ ਹੋ ਜਾਵੇਗਾ। ਕਰਨਾ ਕੀ ਹੋਵੇਗਾ ਇਹ ਇਕ ਵੱਡਾ ਸਵਾਲ ਹੈ। ਆਪਣੀ ਸੋਚ ਵਿੱਚ ਬਦਲਾਅ ਲਿਆਉਣਾ ਪਵੇਗਾ। ਆਪਣੇ ਆਲੇ ਦੁਆਲੇ ਅਤੇ ਗੁਆਂਢ ਵਿਚ ਰਹਿੰਦੇ ਜਰੂਰਤਮੰਦਾ ਦੀ ਮਦਦ ਕਰਨੀ ਪਵੇਗੀ। ਲੋੜਵੰਦਾਂ ਦੀ ਮਦਦ ਜਿੰਨੀ ਵੀ ਹੋ ਸਕੇ ਬਿਨ੍ਹਾਂ ਕਿਸੇ ਭੇਦਭਾਵ ਅਤੇ ਰਾਜਨੀਤੀ ਤੋਂ ਉੱਪਰ ਉੱਠ ਕੇ ਕਰਨੀ ਪਵੇਗੀ। ਜਰੂਰੀ ਨਹੀਂ ਕਿ ਲੋੜਵੰਦ ਝੁਠੀਆਂ ਵਿੱਚ ਰਹਿਣ ਵਾਲੇ ਹੀ ਹੋਣ। ਬਲਕਿ ਗੁਆਢੀਂ ਦੂਸਰੇ ਗੁਆਢੀਂ ਦੀ ਜਰੂਰਤ ਨੂੰ ਪੂਰਾ ਕਰਨ । ਜੋ ਬੰਦਾ ਮਦਦ ਕਰਨ ਯੋਗ ਹੈ ਉਹ ਸਮੇਂ ਦੀ ਮੰਗ ਨੂੰ ਦੇਖਦੇ ਹੋਏ ਮਦਦ ਲਈ ਅੱਗੇ ਆਵੇ। ਹੁੰਦਾ ਕੀ ਹੈ ਕਈ ਵਾਰ ਇਕ ਮਦਦ ਕਰਨ ਵਾਲਾ ਕਿਸੀ ਦੂਸਰੀ ਜਗ੍ਹਾ ਤੇ ਜਾ ਕੇ ਜਰੂਰਤਮੰਦਾਂ ਦੀ ਮਦਦ ਕਰਦਾ ਹੈ ਲੇਕਿਨ ਉਸਦੇ ਆਲੇ-ਦੁਆਲੇ ਜਾਂ ਮੁਹੱਲੇ, ਗੁਆਂਢ , ਪਿੰਡ ਜਾਂ ਸ਼ਹਿਰ ਦੇ ਵਿਚ ਕਈ ਕਈ ਦਿਨਾਂ ਤੋਂ ਭੁੱਖੇ ਲੋਕ ਦਿਖਾਈ ਦਿੰਦੇ ਹਨ। ਇਸ ਲਈ ਹਰ ਕਿਸੇ ਨੂੰ ਇਕ ਦੂਸਰੇ ਦਾ ਹੱਥ ਫੜਨਾ ਚਾਹੀਦਾ ਹੈ ਅਤੇ ਆਪਣੇ ਨੇੜੇ ਤੇ ਦੂਰ ਜਿੱਥੇ ਤੱਕ ਸਮਰੱਥਾ ਹੋਵੇ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਮਨੁੱਖਤਾ ਨੂੰ ਕਿਤੇ ਨਾ ਕਿਤੇ ਸੌਖਾ ਸਾਹ ਆ ਸਕੇ ।

**ਲੇਖਕ**
**ਮਨਪ੍ਰੀਤ ਸਿੰਘ ਮੰਨਾ**
**ਪਿੰਡ ਥੇਂਦਾ ਚਿਪੜਾ**
**ਗੜ੍ਹਦੀਵਾਲਾ**
**ਤਹਿਸੀਲ ਦਸੂਹਾ ਜਿਲ੍ਹਾ ਹੁਸ਼ਿਆਰਪੁਰ**
**ਮੋਬਾ. 7814800439**

# ਵੈਟਨਰੀ ਇੰਸਪੈਕਟਰਜ ਐਸੋਸੀਏਸਨ ਦੇ ਵਫਦ ਨੇ ਮੰਤਰੀ ਬਾਜਵਾ ਨਾਲ ਕੀਤੀ ਮੁਲਾਕਾਤ

**ਚੰਡੀਗੜ (ਦੀਪਕ ਸ਼ਰਮ)** ਵੈਟਨਰੀ ਇੰਸਪੈਕਟਰਜ ਐਸੋਸੀਏਸਨ ਦਾ ਇਕ ਵਫਦ ਸੂਬਾ ਪ੍ਰਧਾਨ ਸ. ਭੁਪਿੰਦਰ ਸਿੰਘ ਸੱਚਰ ਦੀ ਅਗਵਾਈ ਹੇਠ ਕੈਬਨਿਟ ਮੰਤਰੀ ਪਸ਼ੂ-ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੂੰ ਮਿਲਿਆ। ਇਸ ਦੌਰਾਨ ਸੂਬਾ ਪ੍ਰੈੱਸ ਸਕੱਤਰ ਕਿਸਨ ਚੰਦਰ ਮਹਾਜਨ ਅਤੇ ਜਸਵਿੰਦਰ ਸਿੰਘ ਬੜੀ ਸੂਬਾ ਜਨਰਲ ਸਕੱਤਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਡਿਪਲੋਮਾ ਹੋਲਡਰ ਵੈਟਨਰੀ ਇੰਸਪੈਕਟਰਾਂ ਦੀ ਹਿਮਾਚਲ ਪੈਟਰਨ 'ਤੇ ਰਜਿਸਟਰੇਸਨ ਕਰਨਾ, 87 ਸੀਨੀਅਰ



ਵੈਟਨਰੀ ਇੰਸਪੈਕਟਰਾਂ ਨੂੰ ਤਰੱਕੀ ਦੇ ਕੇ ਵੱਖਰਾ ਪੇਅ ਗਰੇਡ ਦੇਣਾ, ਵੈਟਨਰੀ ਇੰਸਪੈਕਟਰਾਂ ਦੀਆਂ 582 ਪੋਸਟਾਂ ਪਸ਼ੂ ਪਾਲਣ ਵਿਭਾਗ ਨੂੰ ਵਾਪਸ ਦੇ ਉਨਾਂ ਹਸਪਤਾਲਾਂ ਵਿਚ ਵੈਟਨਰੀ ਇੰਸਪੈਕਟਰਾਂ ਨੂੰ ਤਾਇਨਾਤ ਕਰਨਾ ਆਦਿ ਉਨਾਂ ਦੀਆਂ ਮੁੱਖ ਮੰਗਾਂ ਹਨ। ਇਸ ਦੌਰਾਨ ਮੰਤਰੀ ਬਾਜਵਾ ਵੱਲੋਂ ਮੌਕੇ 'ਤੇ ਹੀ ਵਿਭਾਗ ਦੇ ਵਧੀਕ ਮੁੱਖ ਸਕੱਤਰ ਵਿਜੇ ਕੁਮਾਰ ਜੰਜੂਆ ਨੂੰ ਨਿਰਦੇਸ਼ ਦਿੱਤੇ ਕਿ ਇਨਾਂ ਮੰਗਾ 'ਤੇ ਤੇਜੀ ਨਾਲ ਕੰਮ ਕਰਕੇ ਇਨਾਂ ਨੂੰ ਜਲਦੀ ਲਾਗੂ ਕਰਵਾਇਆ ਜਾਵੇ। ਵਫਦ ਵਿਚ ਸੂਬਾ ਵਿਤ ਸਕੱਤਰ ਰਾਜੀਵ ਮਲਹੋਤਰਾ ਅਤੇ ਜੱਥੇਬੰਦੀ ਦੇ ਮੁੱਖ ਸਲਾਹਕਾਰ ਗੁਰਦੀਪ ਸਿੰਘ ਬਾਸੀ ਹਾਜਰ ਸਨ।

# ਕਿਸਾਨਾਂ ਦੀ ਸਹੂਲਤ ਲਈ ਡਿਜੀਲਾਕਰ ਸ਼ੁਰੂ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣਿਆ ਪੰਜਾਬ

**ਚੰਡੀਗੜ (ਦੀਪਕ ਸ਼ਰਮਾ)** ਈ-ਗਵਰਨੈਂਸ ਨੂੰ ਉਤਸਾਹਿਤ ਕਰਨ ਤੋਂ ਇਲਾਵਾ ਇੱਕ ਹੋਰ ਕਿਸਾਨ ਪੱਖੀ ਪਹਿਲਕਦਮੀ ਕਰਦਿਆਂ ਪੰਜਾਬ ਕਿਸਾਨਾਂ ਲਈ ਡਿਜੀ-ਲਾਕਰ ਦੀ ਸਹੂਲਤ ਸ਼ੁਰੂ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ।ਸੂਬੇ ਵਿੱਚ ਹੁਣ ਕਿਸਾਨਾਂ ਕੋਲ ਆਪਣੇ ਜੇ-ਫਾਰਮ ਦੀਆਂ ਡਿਜੀਟਲ ਕਾਪੀਆਂ ਦਾ ਪ੍ਰਿਟ ਲੈਣ ਜਾਂ ਡਾਊਨਲੋਡ ਕਰਨ ਦੀ ਖੁੱਲ ਹੋਵੇਗੀ ਕਿਉਂਕਿ ਪੰਜਾਬ ਮੰਡੀ ਬੋਰਡ ਨੇ ਕਣਕ ਦੇ ਖਰੀਦ ਸੀਜਨ-2021 ਸੀਜਨ ਤੋਂ ਜੇ-ਫਾਰਮ ਦਾ ਇਲੈਕਟ੍ਰਾਨਿਕ ਫਾਰਮੈਟ ਉਪਲਬਧ ਕਰਵਾ ਦਿੱਤਾ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਨੇ ਕਿਹਾ ਕਿ ਇਹ ਕਦਮ ਕਿਸਾਨਾਂ ਨੂੰ ਆਪਣੀ ਖੇਤੀ ਉਪਜ ਦੀ ਪ੍ਰਮਾਣਿਕ ਡਿਜੀਟਲ ਵਿਕਰੀ ਰਸੀਦ ਤੱਕ ਅਸਲ ਸਮੇਂ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਰਾਹ ਪੱਧਰਾ ਕਰਦਿਆਂ ਉਨਾਂ ਨੂੰ ਡਿਜੀਟੀਲ ਸਮਰੱਥ ਬਣਾਵੇਗਾ। ਉਨਾਂ ਕਿਹਾ ਕਿ ਇਸ ਡਿਜੀਟਲ ਉਪਰਾਲੇ ਨਾਲ ਮੌਜੂਦਾ ਹਾੜੀ ਮੰਡੀਕਰਨ ਸੀਜਨ ਦੌਰਾਨ ਤਕਰੀਬਨ 10 ਲੱਖ ਜੇ-ਫਾਰਮ ਧਾਰਕ ਕਿਸਾਨਾਂ ਨੇ ਮੰਡੀ ਬੋਰਡ ਕੋਲ ਰਜਿਸਟ੍ਰੇਸ਼ਨ ਕਰਵਾਈ ਹੈ। ਲਾਲ ਸਿੰਘ ਨੇ ਅੱਗੇ ਦੱਸਿਆ ਕਿ ਇਸ ਮਹੱਤਵਪੂਰਨ ਕਦਮ ਦੇ ਲਾਗੂ ਹੋਣ ਨਾਲ ਜੇ ਕੋਈ ਕਿਸਾਨ ਰਜਿਸਟ੍ਰੇਸ਼ਨ ਫਾਰਮ ਘਰ ਭੁੱਲ ਜਾਂਦਾ ਹੈ ਜਾਂ ਦਸਤਾਵੇਜ ਗੁੰਮ ਹੋ ਜਾਂਦਾ ਹੈ ਜਾਂ ਕਿਸਾਨ ਪ੍ਰਿੰਟਿਡ ਕਾਪੀ ਮਿਲਣ ਦੀ ਉਡੀਕ ਕਰ ਰਿਹਾ ਹੈ, ਤਾਂ ਉਨਾਂ ਨੂੰ ਸਿਰਫ਼ ਡਿਜੀਲਾਕਰ ਐਪ ਡਾਊਨਲੋਡ ਕਰਨ ਅਤੇ ਆਪਣਾ ਵਰਚੁਅਲ ਜੇ-ਫਾਰਮ ਸੇਵ ਕਰਨ ਦੀ ਜਰੂਰਤ ਹੈ। ਲਾਲ ਸਿੰਘ ਨੇ ਕਿਹਾ ਇਹ ਫਾਰਮ ਬਿਲਕੁਲ ਯੋਗ ਮੰਨਿਆ ਜਾਵੇਗਾ ਅਤੇ ਚੈਕਿੰਗ ਵੇਲੇ ਦਿਖਾਇਆ ਜਾ ਸਕਦਾ ਹੈ। ਉਨਾਂ ਕਿਹਾ ਕਿ ਜਦੋਂ ਅਰਜੀਕਰਤਾ ਦਾ ਜੇ-ਫਾਰਮ ਆੜਤੀਆ ਦੁਆਰਾ ਮਨਜੂਰ ਹੋ ਜਾਂਦਾ ਹੈ ਤਾਂ ਉਸ ਨੂੰ ਫੋਨ 'ਤੇ ਪ੍ਰਵਾਨਗੀ ਬਾਰੇ ਸੰਦੇਸ ਮਿਲਦਾ ਹੈ ਜੋ ਐਪ ਵਿੱਚ ਡਾਊਨਲੋਡ ਕੀਤਾ ਜਾ ਸਕਦਾ ਹੈ। ਚੇਅਰਮੈਨ ਨੇ ਅੱਗੇ ਦੱਸਿਆ ਕਿ ਡਿਜੀਲਾਕਰ ਵਿੱਚ ਡਿਜੀਟਲ ਜੇ-ਫਾਰਮ ਦੀ ਵਰਤੋਂ ਵਿੱਤੀ ਸੰਸਥਾਵਾਂ ਤੋਂ ਵਿੱਤ ਲੈਣ; ਆਨਲਾਈਨ ਵੈਰੀਫਾਈ ਕੀਤਾ ਜਾ ਸਕਦਾ ਹੈ, ਆਈ.ਟੀ. ਛੋਟਾਂ, ਸਬਸਿਡੀ ਕਲੇਮ, ਕਿਸਾਨ ਬੀਮਾ ਆਦਿ ਸਹੂਲਤਾਂ ਲਈ ਕੀਤੀ ਜਾ ਸਕਦੀ ਹੈ। ਇਸ ਡਿਜੀਟਲ ਪਹਿਲਕਦਮੀ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਪੰਜਾਬ ਮੰਡੀ ਬੋਰਡ ਦੇ ਸਕੱਤਰ ਰਵੀ ਭਗਤ ਨੇ ਦੱਸਿਆ ਕਿ ਕਿਸਾਨੀ ਸਹੂਲਤਾਂ ਦਾ ਲਾਭ ਲੈਣ ਦੇ ਸਮੇਂ ਜੇਕਰ ਕੋਈ ਮੌਕੇ 'ਤੇ ਜਾਂਚ ਦੌਰਾਨ ਇਸ ਦਸਤਾਵੇਜ ਦੀ ਮੰਗ ਕਰਦਾ ਹੈ ਤਾਂ ਡਿਜੀਲਾਕਰ ਜ਼ਰੀਏ ਉਕਤ ਜੇ-ਫਾਰਮ ਦਿਖਾਇਆ ਜਾ ਸਕਦਾ ਹੈ। ਸਕੱਤਰ ਨੇ ਕਿਹਾ ਕਿ ਇਸ ਨਾਲ ਕਿਸਾਨਾਂ ਨੂੰ ਪਲਾਸਟਿਕ ਕਾਰਡ ਜਾਂ ਫਿਜ਼ੀਕਲ ਤੌਰ 'ਤੇ ਕਾਪੀਆਂ ਰੱਖਣ ਦੀ ਲੋੜ ਨਹੀਂ ਪਵੇਗੀ। ਰਵੀ ਭਗਤ ਨੇ ਅੱਗੇ ਦੱਸਿਆ ਕਿ ਮੰਡੀ ਬੋਰਡ ਵੱਲੋਂ ਇਸ ਸਬੰਧੀ ਵੱਖ-ਵੱਖ ਵਿਭਾਗਾਂ ਦੇ ਜਾਂਚ ਅਮਲੇ ਨੂੰ ਜਾਣੂੰ ਕਰਵਾਉਣ ਲਈ ਪੰਜਾਬ ਦੀਆਂ ਮਾਰਕੀਟ ਕਮੇਟੀਆਂ ਦੇ ਸਮੂਹ ਸਕੱਤਰਾਂ ਨੂੰ ਪਹਿਲਾਂ ਹੀ ਇੱਕ ਪੱਤਰ ਜਾਰੀ ਕੀਤਾ ਗਿਆ ਸੀ। ਸਕੱਤਰ ਨੇ ਅਧਿਕਾਰੀਆਂ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਮੌਕੇ 'ਤੇ ਤਸਦੀਕ ਸਮੇਂ ਸਮਾਰਟਫੋਨਾਂ 'ਤੇ ਉਪਲੱਬਧ "ਵਰਚੁਅਲ" ਜੇ-ਫਾਰਮ ਨੂੰ ਜਾਇਜ਼ ਮੰਨਿਆ ਜਾਵੇ।ਹੋਰ ਨਿਰਦੇਸ ਦਿੰਦਿਆਂ ਰਵੀ ਭਗਤ ਨੇ ਕਿਹਾ ਕਿ 'ਵਰਚੁਅਲ' ਜੇ-ਫਾਰਮ ਦੀ ਮਨਜ਼ੂਰੀ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਸੂਬੇ ਦੇ ਮਾਰਕੀਟ ਕਮੇਟੀ ਦਫਤਰਾਂ ਦੇ ਨੋਟਿਸ ਬੋਰਡਾਂ 'ਤੇ ਇਹ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਡਿਜੀਟਲ ਪੰਜਾਬ ਮੁਹਿੰਮ ਦੇ ਟੀਚਿਆਂ ਨੂੰ ਪੂਰਾ ਕਰਨ ਦੇ ਨਾਲ-ਨਾਲ ਇਹ ਪ੍ਰਣਾਲੀ ਭ੍ਰਿਸਟਾਚਾਰ ਨੂੰ ਵੀ ਖਤਮ ਕਰੇਗੀ, ਜਿਸ ਨਾਲ ਜੇ-ਫਾਰਮਾਂ ਦੀ ਹਾਰਡ ਕਾਪੀ ਉਪਲਬਧ ਨਾ ਹੋਣ ਦੀ ਸੂਰਤ ਵਿਚ ਲੋਕਾਂ ਨੂੰ ਭਾਰੀ ਨਹੀਂ ਦੇਣੇ ਪੈਣਗੇ। ਉਨਾਂ ਇਹ ਵੀ ਕਿਹਾ ਕਿ ਪੰਜਾਬ ਮੰਡੀ ਬੋਰਡ ਨੇ ਡਿਜੀਟਲ ਇੰਡੀਆ ਕਾਰਪੋਰੇਸਨ (ਡੀਆਈਸੀ) ਅਧੀਨ ਇਲੈਕਟ੍ਰਾਨਿਕਸ ਅਤੇ ਆਈਟੀ ਮੰਤਰਾਲੇ ਦੀ ਇੱਕ ਪ੍ਰਮੁੱਖ ਪਹਿਲ ਡਿਜੀ-ਲਾਕਰ ਦੀ ਤਰਾਂ ਸਰਕਾਰ ਦੀਆਂ ਵੱਖ ਵੱਖ ਪਹਿਲਕਦਮੀਆਂ ਦਾ ਸਮਰਥਨ ਅਤੇ ਇਸਨੂੰ ਉਤਸ਼ਾਹਿਤ ਕੀਤਾ ਹੈ।ਗੌਰਤਲਬ ਹੈ ਕਿ ਡਿਜੀਲਾਕਰ ਭਾਰਤ ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮ ਡਿਜੀਟਲ ਇੰਡੀਆ ਦੇ ਤਹਿਤ ਇੱਕ ਮਹੱਤਵਪੂਰਣ ਪਹਿਲਕਦਮੀ ਹੈ ਜਿਸਦਾ ਉਦੇਸ਼ ਭਾਰਤ ਨੂੰ ਇੱਕ ਡਿਜੀਟਲੀ ਸਮਰੱਥ ਮੁਲਕ ਅਤੇ ਅਤੇ ਪੜੀ ਲਿਖੀ ਅਰਥ ਵਿਵਸਥਾ ਵਿੱਚ ਬਦਲਣਾ ਹੈ। ਡਿਜੀਲਾਕਰ ਨਾਗਰਿਕਾਂ ਨੂੰ ਜਨਤਕ ਕਲਾਊਡ 'ਤੇ ਸਾਂਝੀ ਕਰਨ ਯੋਗ ਪ੍ਰਾਈਵੇਟ ਸਪੇਸ ਪ੍ਰਦਾਨ ਕਰਨ ਅਤੇ ਇਸ ਕਲਾਉਡ' ਤੇ ਸਾਰੇ ਦਸਤਾਵੇਜ/ਸਰਟੀਫਿਕੇਟ ਉਪਲਬਧ ਕਰਾਉਣ ਸਬੰਧੀ ਡਿਜੀਟਲ ਇੰਡੀਆ ਦੇ ਦ੍ਰਿਸਟੀਕੋਣ ਵਾਲੇ ਖੇਤਰਾਂ ਵਿੱਚ ਸ਼ਾਮਲ ਹੁੰਦਾ ਹੈ।

# ਜਲੰਧਰ ਦੇ ਦਸਮੇਸ਼ ਨਗਰ ਨਾਕਾਬੰਦੀ ਦੌਰਾਨ ਥਾਣਾ ਭਾਰਗੋ ਕੈਂਪ ਦੀ ਪੁਲਸ ਨੇ ਨਸ਼ਾ ਤਸਕਰਾਂ ਨੂੰ ਕੀਤਾ ਗ੍ਰਿਫ਼ਤਾਰ ਅਫ਼ੀਮ ਅਤੇ ਦੇਸੀ 32 ਬੋਰ ਦੀ ਪਿਸਤੌਲ ਹੋਈ ਬਰਾਮਦ

**ਜਲੰਧਰ ।** ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜਲੰਧਰ ਵੈਸਟ ਦੇ ਏਸੀਪੀ ਪਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਅਤੇ ਸਬ ਇੰਸਪੈਕਟਰ ਸੰਦੀਪ ਕੌਰ ਨੇ ਜਲੰਧਰ ਦੇ ਦਸਮੇਸ਼ ਨਗਰ ਗੀਤਾ ਕਲੋਨੀ ਦੇ ਰੋਡ ਤੇ ਨਾਕਾਬੰਦੀ ਕੀਤੀ ਹੋਈ ਸੀ ਕਿ ਇਸ ਦੌਰਾਨ ਇਕ ਐਕਟਿਵਾ ਤੋਂ ਇਕ ਮਹਿਲਾ ਤੇ ਯੁਵਕ ਆਉਂਦੇ ਦਿਖਾਈ ਦਿੱਤੇ ਅਤੇ ਉਨ੍ਹਾਂ ਨੇ ਪੁਲਸ ਨੂੰ ਦੇਖ ਕੇ ਆਪਣੀ ਐਕਟਿਵਾ ਮੋੜ ਦਿੱਤੀ ਸਬ ਇੰਸਪੈਕਟਰ ਸੰਦੀਪ ਕੌਰ ਅਤੇ ਪੁਲੀਸ ਪਾਰਟੀ ਦੀ ਮੱਦਦ ਦੇ ਨਾਲ ਇਨ੍ਹਾਂ ਨੂੰ ਫੜ ਲਿਆ ਗਿਆ ਤੇ ਇਨ੍ਹਾਂ ਵੱਲੋਂ ਇਕ ਲਿਫਾਫੇ ਨੂੰ ਸਾਈਡ ਤੇ ਸੁੱਟਿਆ ਗਿਆ ਜਿਸ ਦੀ ਤਲਾਸ਼ੀ ਲਿਤੀ ਗਈ ਤੇ ਉਸ ਵਿਚੋਂ ਪੰਜ ਸੌ ਗ੍ਰਾਮ ਅਫੀਮ ਬਰਾਮਦ



ਹੋਈ ਅਤੇ ਇਨ੍ਹਾਂ ਕੋਲੋਂ ਤਸਕਰੀ ਦੀ ਰਕਮ ਵੀ ਵਸੂਲੀ ਗਈ ਹੈ। ਜਿਸ ਤੋਂ ਬਾਅਦ ਪੁਲੀਸ ਵੱਲੋਂ ਇਨ੍ਹਾਂ ਦੀ ਤਲਾਸ਼ੀ ਲਿਤੀ ਗਈ ਤੇ ਇਨ੍ਹਾਂ ਕੋਲੋਂ ਬੱਤੀ ਬੋਰ ਦੀ ਦੇਸੀ ਪਿਸਤੌਲ ਅਤੇ ਦੋ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਦੋਸ਼ੀਆਂ ਦੀ ਪਹਿਚਾਣ ਰਾਜਬੀਰ ਸਿੰਘ ਅਤੇ ਮਹਿਲਾ ਰਮਾ ਦੇ ਰੂਪ ਵਿਚ ਹੋਈ ਹੈ। ਰਾਜਬੀਰ ਰਮਾ ਦਾ ਹੀ ਪੁੱਤਰ ਹੈ ਇਨ੍ਹਾਂ ਦੋਨਾਂ ਤੇ ਪੁਲੀਸ ਵੱਲੋਂ ਮਾਮਲਾ ਦਰਜ ਕਰ ਇਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ ਅਤੇ ਅੱਜ ਇਨ੍ਹਾਂ ਦਾ ਦੋ ਦਿਨ ਦਾ ਰਿਮਾਂਡ ਪੁਲੀਸ ਨੂੰ ਹਾਸਿਲ ਹੋਇਆ ਹੈ ਉਥੇ ਹੀ ਪੁਲਸ ਦਾ ਕਹਿਣਾ ਹੈ ਕਿ ਇਨ੍ਹਾਂ ਰਿਮਾਂਡ ਦੌਰਾਨ ਹੋਰ ਵੀ ਪੁੱਛਗਿੱਛ ਕੀਤੀ ਜਾਵੇਗੀ ।

# ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀ ਕਲਾਸ ਦੇ ਐਲਾਨੇ ਨਤੀਜੇ ਵਿਚ ਲੁਧਿਆਣਾ ਦੀ ਵੰਦਨਾ ਕੰਗ ਨੇ 96 0/0 ਨੰਬਰ ਪ੍ਰਾਪਤ ਕੀਤੇ

**ਲੁਧਿਆਣਾ (ਰਵਿੰਦਰ ਬੁੱਟਰ ਅਤੇ ਸਿਮਰਜੀਤ ਕੌਰ )** ਪੰਜਾਬ ਸਰਕਾਰ ਵੱਲੋਂ ਲੋਕਡਾਊਨ ਦੌਰਾਨ ਬੱਚਿਆਂ ਨੂੰ ਦੂਜੇ ਸਾਲ ਵਿਚ ਵੀ ਪੜ੍ਹਾਈ ਆਨਲਾਈਨ ਕਰਕੇ ਹੀ ਆਪਣੀ ਸਿੱਖਿਆ ਨੂੰ ਜਾਰੀ ਰੱਖਿਆ ਜਾ ਰਿਹਾ ਹੈ ਬੀਤੇ ਕੱਲ੍ਹ ਪੰਜਾਬ ਸਿੱਖਿਆ ਬੋਰਡ ਵੱਲੋਂ ਕੱਲ ਅੱਠਵੀਂ ਅਤੇ ਦਸਵੀਂ ਕਲਾਸਾਂ ਦੇ ਨਤੀਜ਼ਿਆਂ ਦਾ ਐਲਾਨ ਕੀਤਾ ਗਿਆ ਜਿਸ ਵਿਚ ਹੋਣਹ-ਾਰ ਵਿਦਿਆਰਥੀਆਂ ਆਨਲਾਈਨ ਘਰ ਬੈਠ ਕੇ ਵੀ ਵਧੀਆ ਸਿੱਖਿਆ ਪ੍ਰਾਪਤ ਕਰ ਸਕਦੇ ਹਨ ਉਨ੍ਹਾਂ ਵਿਚੋਂ ਅਜਿਹੀ ਹੀ ਇੱਕ ਵਿਦਿਆਰਥੀ ਵੰਦਨਾ ਕੰਗ ਲੁਧਿਆਣਾ ਦੇ ਹਲਕਾ ਆਤਮ ਨਗਰ ਨਿਊ ਇਰਾਜ ਹਾਈ ਸਕੂਲ ਸਕੂਲ ਦੀ ਹੈ ਜਿਸ ਨੇ ਦਸਵੀ ਕਲਾਸ ਵਿੱਚੋਂ ਪ੍ਰਤੀਸ਼ਤ ਨੰਬਰ 650 ਵਿਚੋਂ 625 ਅੰਕ ਪ੍ਰਾਪਤ ਕਰਕੇ ਜਿੱਥੇ ਸਕੂਲ ਅਤੇ ਵਿਦਿਆਰਥਣਾਂ ਦਾ ਨਾਂ ਰੌਸ਼ਨ ਕੀਤਾ ਹੈ ਉਥੇ ਮਾਤਾ ਪਿਤਾ ਦਾ ਨਾਮ ਵੀ ਰੋਸ਼ਨ ਕੀਤਾ ਹੈ ਅਜਿਹੇ ਵਿਦਿਆਰਥੀ ਭਵਿੱਖ ਵਿੱਚ ਇੱਕ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ ਅਜਿਹੇ ਵਿਦਿਆਰਥੀ ਆਪਣੇ ਆਪਣੇ ਅਧਿਆਪਕ ਮਾਤਾ-ਪਿਤਾ



ਅਤੇ ਸਕੂਲ ਦਾ ਨਾਂ ਰੌਸ਼ਨ ਕਰਦੇ ਹਨ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਕਰੋਨਾ ਮਹਾਂਮਾਰੀ ਦੇ ਮੱਦੇਨਜ਼ਰ ਲੋਕਾਂ ਨੂੰ ਜਾਗਰੂਕ ਕਰਨ ਲਈ ਐਸ ਡੀ ਐਮ ਮੁਕੇਰੀਆਂ ਵੱਲੋਂ 24 ਟੀਮਾਂ ਦਾ ਗਠਨ ਕੀਤਾ ਗਿਆ

**ਮੁਕੇਰੀਆਂ (ਜਸਵੀਰ ਸਿੰਘ ਪੁਰੇਵਾਲ)** ਅੱਜ ਮੁਕੇਰੀਆਂ ਦੇ ਐਸ ਡੀ ਐਮ ਵੱਲੋਂ ਕਰੋਨਾ ਮਹਾਂਮਾਰੀ ਨੂੰ ਲੈਕੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ

ਜਿਸ ਵਿੱਚ ਵੱਖ-ਵੱਖ ਬਲਾਕਾਂ ਦੇ ਸੀਨੀਅਰ ਡਾਕਟਰਾਂ ਤੋਂ ਇਲਾਵਾ ਮੁਕੇਰੀਆਂ ਦੇ ਡੀ ਐਸ ਪੀ ਰਵਿੰਦਰ ਸਿੰਘ, ਅਤੇ ਹਾਜੀਪੁਰ, ਮੁਕੇਰੀਆਂ, ਤਲਵਾੜਾ, ਦੇ ਬੀ ਡੀ ਪੀ,ਉ ਸ਼ਾਮਲ ਹੋਏ ਐਸ਼.ਡੀ.ਐਮ ਸ੍ਰੀ ਅਸ਼ੋਕ ਕੁਮਾਰ ਸ਼ਰਮਾ ਨੇ ਕਿਹਾ ਕਿ ਕਰੋਨਾ ਮਹਾਂਮਾਰੀ ਵਰਗੀ ਭਿਆਨਕ ਮਹਾਂਮਾਰੀ ਤੋਂ ਨਿਜਾਤ ਦਿਵਾਉਣ ਲਈ ਲੋਕਾਂ ਨੂੰ ਜਾਗਰੂਕ ਕਰਨ ਬੁਹਤ ਜ਼ਰੂਰੀ ਹੈ ਉਨ੍ਹਾਂ ਕਿਹਾ ਭਿਆਨਕ ਮਹਾਂਮਾਰੀ ਤੋਂ ਬਚਣ ਲਈ ਸਾਵਧਾਨੀਆਂ ਵਰਤਣੀਆਂ ਜ਼ੂਰੂਰ ਹਨ ਉਨ੍ਹਾਂ ਕਿਹਾ ਜੇਕਰ ਕਿਸੇ ਵਿਅਕਤੀ ਵਿੱਚ ਇਸ ਬਿਮਾਰੀ ਦੇ ਲੱਛਣ ਵੇਖਣ ਨੂੰ ਮਿਲਦੇ ਹਨ ਜਿਵੇਂ ਕਿ: ਖ਼ੰਗ, ਜ਼ੁਕਾਮ, ਬੁਖਾਰ ਤਾਂ ਉਨ੍ਹਾਂ ਤੁਰੰਤ ਆਪਣਾ ਕੋਵਿਡ 19 ਦਾ ਟੈਸਟ ਕਰਵਾਉਣ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਬਾਕੀ ਪਰਿਵਾਰ ਤੋਂ ਵੱਖਰੇ ਕਰ ਲੈਣਾ ਅਤੇ ਕੁਝ ਦਿਨ ਇਕਾਂਤਵਾਸ ਰਹਿਣ ਚਾਹੀਦਾ ਹੈ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਲੱਛਣ ਦਿਖਾਈ ਦੇਣ ਤੇ ਲੋਕਾਂ ਆਪਣੇ ਨੀਮ ਹਕੀਮਾਂ ਨੂੰ ਛੱਡ ਕੇ ਤੁਰੰਤ ਆਪਣੇ ਨਜ਼ਦੀਕੀ ਸਿਹਤ ਕੇਂਦਰ ਵਿੱਚ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ ਉਨ੍ਹਾਂ ਕਿਹਾ ਹਰ ਇੱਕ ਇਨਸਾਨ ਨੂੰ ਕਰੋਨਾ ਵੈਕਸੀਨ ਲਗਵਾਉਣੀ ਚਾਹੀਦੀ ਹੈ



ਤਾਂ ਜੋ ਇਸ ਭਿਆਨਕ ਮਹਾਂਮਾਰੀ ਤੋਂ ਬਚਿਆ ਜਾ ਸਕੇ ਇਸ ਮੌਕੇ ਡੀ.ਐਸ.ਪੀ ਮੁਕੇਰੀਆਂ ਰਵਿੰਦਰ ਸਿੰਘ ਕਰਮਿੰਦਰ ਸਿੰਘ ਈ.ਉ.ਐਮ.ਸੀ ਮੁਕੇਰੀਆਂ,ਡਾ.ਜੇ ਪੀ ਸਿੰਘ ਐਸ, ਐਮ, ਉ ਮੁਕੇਰੀਆਂ ਡਾ, ਸ਼ੈਲੀ ਬਾਜਵਾ ਐਸ, ਐਮ, ਉ, ਹਾਜੀਪੁਰ ਡਾ, ਹਰਜੀਤ ਸਿੰਘ ਐਸ, ਐਮ, ਉ ਬੁੱਢਾਬੜ ਡਾ, ਅਨੁਪਿੰਦਰ ਕੋਰ ਐਸ ਐਮ ਉ ਭੋਲਕਲੋਤਾ ਐਸ, ਐਮ, ਉ ਡਾ ਤਾਰਾ ਸਿੰਘ ਕਮਾਈ ਦੇਵੀ ਸ੍ਰੀ ਰਾਮ ਲੁਭਾਇਆ ਬੀ, ਡੀ, ਪੀ, ਉ ਮੁਕੇਰੀਆਂ ਅਤੇ ਯੁਧਵੀਰ ਸਿੰਘ ਬੀ, ਡੀ, ਪੀ, ਉ ਤਲਵਾੜਾ ਹਾਜ਼ਰਿ ਸਨ।

# ਸ਼ਹਿਰਾਂ ਅਤੇ ਪਿੰਡਾਂ ’ਚ ਕੋਵਿਡ ਵੈਕਸੀਨ ਅਤੇ ਟੈਸਟਿੰਗ ਯਕੀਨੀ ਬਣਾਉਣਗੀਆਂ ਮੋਬਾਇਲ ਕਲੀਨਿਕਲ ਕੇਅਰ ਵੈਨਾਂ-ਅਪਨੀਤ ਰਿਆਤ

**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਅਪਨੀਤ ਰਿਆਤ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਕੋਵਿਡ ਟੀਕਾਕਰਨ ਅਤੇ ਟੈਸਟਿੰਗ ਨੂੰ ਹੋਰ ਕਾਰਗਰ ਬਣਾਉਣ ਦੇ ਲਈ ਮੋਬਾਇਲ ਕਲੀਨਿਕਲ ਕੇਅਰ ਵੈਨਾਂ ਸ਼ੁਰ ਕੀਤੀਆਂ ਜਾ ਰਹੀਆਂ ਹਨ ਜੋ ਕਿ ਜ਼ਿਲ੍ਹੇ ਦੇ ਦੂਰ-ਦਰਾਜ ਦੇ ਇਲਾਕਿਆਂ ਅਤੇ ਸ਼ਹਿਰਾਂ ਵਿੱਚ ਕੋਵਿਡ-19 ਤੋਂ ਬਚਾਅ ਸਬੰਧੀ ਟੀਕਾਕਰਨ ਅਤੇ ਟੈਸਟਿੰਗ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਗੀਆਂ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਵਰਧਮਾਨ ਯਾਰਨਜ਼ ਐਂਡ ਥਰੈਡਜ਼ ਲਿਮਿਟਡ ਵਲੋਂ ਸੀ.ਐਸ.ਆਰ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਨੂੰ ਦਿੱਤੀਆਂ ਗਈਆਂ ਚਾਰ ਵੈਨਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਦੌਰਾਨ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜੋ ਲਾਭਪਾਤਰੀ ਸਿਹਤ ਕੇਂਦਰਾਂ ’ਤੇ ਨਹੀਂ ਪਹੁੰਚ ਪਾਉਂਦੇ ਉਨ੍ਹਾਂ ਨੂੰ ਇਨ੍ਹਾਂ ਮੋਬਾਇਲ ਵੈਨਾਂ ਤੋਂ ਕਾਫੀ ਰਾਹਤ ਮਿਲੇਗੀ। ਇਸ ਦੌਰਾਨ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਹਰਬੀਰ ਸਿੰਘ ਅਤੇ ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਸੀਮਾ ਗਰਗ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਸ਼ਿਆਰਪੁਰ ਸ਼ਹਿਰ ਦੇ ਲਈ ਦੋ, ਹਾਰਟਾ ਬੱਡਲਾ ਅਤੇ ਹਾਜੀਪੁਰ ਬਲਾਕ ਦੇ ਲਈ ਇਕ-ਇਕ

ਮੋਬਾਇਲ ਕਲੀਨਿਕਲ ਕੇਅਰ ਵੈਨਾਂ ਅੱਜ ਰਵਾਨਾ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਵਰਧਮਾਨ ਯਾਰਨਜ਼ ਐਂਡ ਥਰੈਡਜ਼ ਲਿਮਿਟਡ ਵਲੋਂ ਸ਼ਲਾਘਾਯੋਗ ਕੰਮ ਕਰਦਿਆਂ ਹੋਇਆ ਕੋਵਿਡ ਫੈਲਾਅ ਨੂੰ ਰੋਕਣ ਦੇ ਲਈ ਅਹਿਮ ਯਤਨ ਕੀਤਾ ਗਿਆ ਹੇ। ਉਨ੍ਹਾਂ ਕਿਹਾ ਕਿ ਇਨ੍ਹਾਂ ਵੈਨਾਂ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਹੋਣਗੀਆਂ ਜੋ ਕਿ ਲਾਭਪਾਤਰੀਆਂ ਦੀ ਵੈਕਸੀਨੇਸ਼ਨ ਤੋਂ ਇਲਾਵਾ ਲੋਕਾਂ ਦੀ



ਕੋਵਿਡ ਟੈਸਟਿੰਗ ਵੀ ਯਕੀਨੀ ਬਣਾਈ ਜਾਵੇਗੀ।

ਅਪਨੀਤ ਰਿਆਤ ਨੇ ਦੱਸਿਆ ਕਿ ਇਨ੍ਹਾਂ ਮੋਬਾਇਲ ਵੈਨਾਂ ਵਲੋਂ ਅੱਜ ਹੁਸ਼ਿਆਰਪੁਰ ਵਿੱਚ ਸੈਂਟਰਲ ਜੇਲ੍ਹ, ਕੋਆਪ੍ਰੇਟਿਵ ਬੈਂਕ, ਕੈਸਲ ਟੋਯੋਟਾ, ਲਿਬੜਾ ਆਟੋਮੋਬਾਇਲਜ਼, ਹੁਸ਼ਿਆਰਪੁਰ ਆਟੋਮੋਬਾਇਲ ਵਿੱਚ ਵੈਕਸੀਨੇਸ਼ਨ ਅਤੇ ਟੈਸਟਿੰਗ ਕੀਤੀ ਗਈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੋਵਿਡ ਮਹਾਂਮਾਰੀ ਦੇ ਇਸ ਮੁਸ਼ਕਿਲ ਸਮੇਂ ਵਿੱਚ ਉਹ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜਾਰੀ ਗਾਈਡਲਾਈਨਜ਼ ਦਾ ਪੂਰੀ ਗੰਭੀਰਤਾ ਨਾਲ ਪਾਲਣ ਕਰਨ ਅਤੇ ਮਾਸਕ ਲਗਾਉਣ, ਸਮਾਜਿਕ ਦੂਰੀ ਅਤੇ ਸਮੇਂ-ਸਮੇਂ ’ਤੇ ਸਾਬਣ ਨਾਲ ਚੰਗੀ ਤਰ੍ਹਾਂ ਹੱਥ ਧੋਣ ਨੂੰ ਆਪਣੇ ਜੀਵਨ ਦਾ ਅਹਿਮ ਹਿੱਸਾ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਇਸ ਮਹਾਂਮਾਰੀ ’ਤੇ ਫਤਿਹ ਪਾਈ ਜਾ ਸਕਦੀ ਹੈ।

# ਪੰਜਾਬ ਸਰਕਾਰ ਵਲੋਂ ਕੰਢੀ ਖੇਤਰ ਦੇ ਵਿਕਾਸ ਲਈ 42.79 ਕਰੋੜ ਰੁਪਏ ਮਨਜ਼ੂਰ : ਸੁੰਦਰ ਸ਼ਾਮ ਅਰੋੜਾ

**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੰਢੀ ਖੇਤਰਾਂ ਦੇ ਵਿਕਾਸ ਕਾਰਜਾਂ ਲਈ 42.79 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ ਜਿਨ੍ਹਾਂ ਨਾਲ ਇਨ੍ਹਾਂ ਖੇਤਰਾਂ ਵਿੱਚ ਸਿਹਤ, ਸਿੱਖਿਆ, ਬੁਨਿਆਦੀ ਢਾਂਚਾ, ਖੇਤੀਬਾੜੀ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਦੀ ਸਥਾਪਤੀ ਨੂੰ ਨਵੀਂ ਮਜ਼ਬੂਤੀ ਪ੍ਰਦਾਨ ਕੀਤੀ ਜਾਵੇਗੀ। ਉਦਯੋਗ ਤੇ ਵਣਜ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਅੱਜ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਇਹ ਫੰਡ ਜਾਰੀ ਹੋਣ ਨਾਲ ਜ਼ਿਲ੍ਹੇ ਦੇ ਸਾਰੇ ਕੰਢੀ ਖੇਤਰਾਂ ਦੀ ਨੁਹਾਰ ਬਦਲ ਜਾਵੇਗੀ ਅਤੇ ਇਨ੍ਹਾਂ ਖੇਤਰਾਂ ਦੇ ਵਸਨੀਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਖਾਤਮੇ ਦੇ ਨਾਲ-ਨਾਲ ਲੋੜੀਂਦੀ ਹਰ ਸਹੂਲਤ ਯਕੀਨੀ ਬਣਾਈ ਜਾਵੇਗੀ। ਐਮ.ਐਲ.ਏ. ਡਾ. ਰਾਜ ਕੁਮਾਰ ਚੱਬੇਵਾਲ ਸਮੇਤ ਕੰਢੀ ਖੇਤਰ ਦੇ ਵਿਕਾਸ ਸਬੰਧੀ ਗੱਲਬਾਤ ਕਰਦਿਆਂ ਸੁੰਦਰ ਸ਼ਾਮ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਜ਼ਿਲ੍ਹੇ ਨਾਲ ਸਬੰਧਤ ਖੇਤਰਾਂ ਵਿੱਚ ਲੋਕਾਂ ਦੀ ਸਹੂਲਤ ਲਈ ਸਿਹਤ ਅਤੇ ਸਿੱਖਿਆ ਖੇਤਰ ਵਿੱਚ ਲੋੜੀਂਦੇ ਕੰਮ ਕਰਵਾਉਣ ਦੇ ਨਾਲ-ਨਾਲ ਕੰਢੀ ਖੇਤਰਾਂ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਲੋੜ ਮੁਤਾਬਕ ਉਪਲਬੱਧਤਾ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਕੰਢੀ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਤਹਿਤ ਲੰਕ ਸੜਕਾਂ, ਪਹੁੰਚ ਮਾਰਗਾਂ, ਪੁੱਲਾਂ ਆਦਿ ਦੀ ਉਸਾਰੀ ਦੇ ਨਾਲ-ਨਾਲ ਨਵੇਂ ਟੂਰਿਸਟ ਸੈਂਟਰ ਵੀ ਤਿਆਰ ਕੀਤੇ ਜਾਣਗੇ। ਇਸ ਦੇ ਨਾਲ-ਨਾਲ ਕੰਢੀ ਖੇਤਰਾਂ ਵਿੱਚ ਉਦਯੋਗਿਕ ਵਿਕਾਸ ਤਹਿਤ ਸਮਾਲ ਸਕੇਲ ਅਤੇ ਘਰੇਲੂ ਉਦਯੋਗਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਸੁੰਦਰ ਸ਼ਾਮ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਮਨਜ਼ੂਰ 42.79 ਕਰੋੜ ਰੁਪਏ ਵਿੱਚੋਂ ਹੁਸ਼ਿਆਰਪੁਰ ਨਾਲ ਸਬੰਧਤ ਕੰਢੀ ਖੇਤਰਾਂ ਲਈ 456.57 ਲੱਖ ਰੁਪਏ, ਸ਼ਾਮਚੁਰਾਸੀ ਲਈ 409.50 ਲੱਖ ਰੁਪਏ, ਚੱਬੇਵਾਲ ਲਈ 424.05 ਲੱਖ ਰੁਪਏ, ਦਸੂਹਾ ਦੇ ਕੰਢੀ ਖੇਤਰਾਂ ਲਈ 1059.90 ਲੱਖ ਰੁਪਏ, ਉੜਮੁੜ ਟਾਂਡਾ ਲਈ 232.78 ਲੱਖ ਰੁਪਏ, ਗੜ੍ਹਸ਼ੰਕਰ ਲਈ 686.78 ਲੱਖ ਰੁਪਏ ਅਤੇ



ਮੁਕੇਰੀਆਂ ਲਈ 1009.42 ਲੱਖ ਰੁਪਏ ਮਨਜ਼ੂਰ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਕੰਢੀ ਖੇਤਰਾਂ ਦੇ ਵਿਕਾਸ ਲਈ ਉਲੀਕੇ ਪ੍ਰੋਗਰਾਮ ਤਹਿਤ ਇਨ੍ਹਾਂ ਖੇਤਰਾਂ ਵਿੱਚ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਨੂੰ ਵੀ ਬਲ ਮਿਲੇਗਾ। ਡਾ. ਰਾਜ ਕੁਮਾਰ ਚੱਬੇਵਾਲ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਫੰਡ ਕੰਢੀ ਖੇਤਰਾਂ ਵਿੱਚ ਲੋਕਾਂ ਨੂੰ ਪੇਸ਼ ਆ ਰਹੀਆਂ ਕਈ ਪ੍ਰੇਸ਼ਾਨੀਆਂ ਦਾ ਹੱਲ ਕਰ ਦੇਣਗੇ ਅਤੇ ਉਨ੍ਹਾਂ ਦਾ ਜੀਵਨ ਪੱਧਰ ਹੋਰ ਸੁਖਾਲਾ ਹੋ ਜਾਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਅਪਨੀਤ ਰਿਆਤ ਵੀ ਮੌਜੂਦ ਸਨ। ਇਸੇ ਦੌਰਾਨ ਮੁੱਖ ਮੰਤਰੀ ਦੇ ਰਾਜਨੀਤਿਕ ਸਲਾਹਕਾਰ ਅਤੇ ਹਲਕਾ ਉੜਮੁੜ ਤੋਂ ਵਿਧਾਇਕ ਸੰਗਤ ਸਿੰਘ ਗਿਲਜੀਆਂ, ਸ਼ਾਮਚੁਰਾਸੀ ਤੋਂ ਐਮ.ਐਲ.ਏ. ਪਵਨ ਕੁਮਾਰ ਆਦੀਆ, ਦਸੂਹਾ ਤੋਂ ਵਿਧਾਇਕ ਅਰੁਣ ਡੋਗਰਾ, ਮੁਕੇਰੀਆਂ ਤੋਂ ਵਿਧਾਇਕ ਇੰਦੂ ਬਾਲਾ ਨੇ ਪੰਜਾਬ ਸਰਕਾਰ ਵਲੋਂ ਕੰਢੀ ਖੇਤਰ ਵਿੱਚ ਵਿਕਾਸ ਦੇ ਮੱਦੇਨਜ਼ਰ 42.79 ਕਰੋੜ ਰੁਪਏ ਮਨਜ਼ੂਰ ਕਰਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਕੰਢੀ ਖੇਤਰਾਂ ਵਿੱਚ ਚਿਰਾਂ ਤੋਂ ਹੋਣ ਵਾਲੇ ਕੰਮ ਜਲਦ ਨੇਪਰੇ ਚੜਨਗੇ।

# ਲਾਇਨ ਕੱਲਬ ਕਰਤਾਰਪੁਰ ਲੋੜਵੰਦ ਕੋਰੋਨਾ ਮਰੀਜ਼ਾਂ ਨੂੰ ਮੁੱਫਤ ਆਕਸੀਜਨਸਿਲੰਡਰ ਦੇਵੇਗਾ

**ਕਰਤਾਰਪੁਰ।(ਜਸਵੰਤ ਵਰਮਾ, ਦਿਨੇਸ਼ ਕੁਮਾਰ)**ਇਸ ਕੋਰੋਨਾ ਮਹਾਂਮਾਰੀ ਦੇ ਦੂਜੇ ਗੇੜ ਵਿੱਚ, ਕੋਰੋਨਾ ਮਹਾਂਮਾਰੀ ਵਿੱਚ ਆਕਸੀਜਨ ਦੀ ਘਾਟ ਕਾਰਨ ਲੋਕ ਆਪਣੀ ਜਾਨ ਗੁਆ ਰਹੇ ਹਨ ਜਿਸਨੇ ਇਸ ਦੇ ਪੈਰ ਦਾ ਪ੍ਰਭਾਵ ਵਿਸ਼ਵ ਭਰ ਵਿੱਚ ਫੈਲਾਇਆ ਹੈ ਅਤੇ ਅਜਿਹੀ ਸਥਿਤੀ ਵਿੱਚ ਸਥਾਨਕ ਲਾਇਨ ਕਲੱਬ ਨੇ ਸਮਾਜ ਵੱਲ ਆਪਣਾ ਰਸਤਾ ਬਣਾਇਆ ਹੈ। ਜਿਮੇਵਾਰੀ ਨੂੰ ਵਿਚਾਰਦਿਆਂ , ਬਿਮਾਰੀ ਤੋਂ ਪੀੜਤ ਲੋਕਾਂ ਨੂੰ ਮੁੱਢਲੀ ਸਹਾਇਤਾ ਪ੍ਰਦਾਨ ਕਰਨ ਲਈ ਇਕ ਆਕਸੀਜਨ ਜਰਨੇਟਰ ਦਾ ਪ੍ਰਬੰਧ ਕੀਤਾ ਜਾਵੇਗਾ, ਜੋ ਕਿ ਪੂਰੀ ਤਰ੍ਹਾਂ ਮੁਫਤ ਹੋਵੇਗਾ, ਇਹ ਵਿਚਾਰ ਲਾਇਨ ਕਲੱਬ ਦੇ ਚੇਅਰਮੈਨ ਲਾਇਨ ਪ੍ਰਿੰਸ ਅਰੋੜਾ ਨੇ ਪ੍ਰਗਟ ਕੀਤੇ। ਇਸ ਪ੍ਰਾਜੈਕਟ ਦੇ ਪ੍ਰੇਰਕ ਲਾਇਨ ਕਾਲਬ 321-ਡੀ ਜ਼ਿਲ੍ਹਾ ਮੁੱਖ ਸੈਕਟਰ ਲਾਇਨ ਸੁਰਜੀਤ ਸਿੰਘ ਵਾਲੀਆ ਨੇ ਦੱਸਿਆ ਕਿ ਇਹ ਆਕਸੀਜਨ ਜਨਰੇਟਰ ਲੋਕਾਂ ਦੀ ਮੰਗ ਅਨੁਸਾਰ ਉਪਲਬਧ ਕਰਵਾਏ ਜਾਣਗੇ ਜਿਸ ਲਈ ਇਕ ਕਮੇਟੀ ਬਣਾਈ ਗਈ ਹੈ ਜਿਸ ਵਿਚ ਲਾਇਨ ਪ੍ਰਿੰਸ ਅਰੋੜਾ , ਲਾਇਨ ਡਾ. ਸੁਨੀਲ ਮਦਾਨ,ਲਾਇਨ ਰਾਕੇਸ਼ ਅਰੋੜਾ ਹੋਣਗੇ, ਜੋ ਲੋੜਵੰਦਾਂ ਨੂੰ ਇਹ ਆਕਸੀਜਨ ਸਿਲੰਡਰ ਮੁਹੱਈਆ ਕਰਾਉਣਗੇ, ਇਸ ਤੋਂ ਇਲਾਵਾ ਜਲਦ ਹੀ ਇਕ ਹੋਰ ਆਕਸੀਜਨ ਜਰਨੇਟਰ ਖਰੀਦਿਆ ਜਾਵੇਗਾ। ਉਨ੍ਹਾਂ ਕਿਹਾ ਕਿ ਲਾਇਨ ਕਲੱਬ ਹਮੇਸ਼ਾ ਹੀ ਸਮਾਜ ਵਿਚ ਲੋੜਵੰਦਾਂ ਦੀ ਸਹਾਇਤਾ ਲਈ ਖੜਾ ਹੈ। ਇਸ ਕੋਰੋਨਾ ਕਾਲ ਦੌਰਾਨ ਕਲੱਬ ਦੇ



ਮੈਂਬਰ ਪਿਛਲੇ ਸਾਲ ਤਿੰਨ ਮਹੀਨੇ ਤੋਂ ਲੋੜਵੰਦਾਂ ਨੂੰ ਰਾਸ਼ਨ ਮੁਹੱਈਆ ਕਰਵਾ ਰਹੇ ਹਨ। ਲੋੜਵੰਦ ਮਰੀਜ਼ਾਂ ਦੇ ਇਲਾਜ ਵਿਚ ਲੋੜ ਅਨੁਸਾਰ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ. ਇਸ ਮੌਕੇ ਲਾਇਨ ਪ੍ਰਿੰਸ ਅਰੋੜਾ, ਲਾਇਨ ਸੁਰਜੀਤ ਸਿੰਘ ਵਾਲੀਆ, ਸਲਾਇਨ ਡਾ. ਸੁਨੀਲ ਮਦਾਣ, ਲਾਇਨ ਬੋਧ ਪਰਕਾਸ਼ ਸਾਹਨੀ,ਲਾਇਨ ਰਾਕੇਸ਼ ਅਰੋੜਾ, ਲਾਇਨ ਬਲਬੀਰ ਸਿੰਘ ਰਾਣਾ ਵੀ ਹਾਜ਼ਰ ਸਨ।

# ਪਿੰਡ ਕਾਹਰੀ ਵਿਖੇ ਟਿਉਬਵੈਲ ਲਗਣ ਨਾਲ ਪੀਣ ਵਾਲੇ ਪਾਣੀ ਦੀ ਸੱਮਸਿਆ ਦਾ ਹੋਵੇਗਾ ਹੱਲ:ਡਾ. ਰਾਜ

**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਹੁਸ਼ਿਆਰਪੁਰ ਜ਼ਿਲ੍ਹੇ ਦੇ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਰਾਜ ਕੁਮਾਰ ਨੇ ਪਿੰਡ ਕਾਹਰੀ ਦਾ ਦੌਰਾ ਕੀਤਾ। ਇਸ ਦੌਰਾਨ ਉਹਨਾਂ ਨੇ ਪੀਣ ਵਾਲੇ ਪਾਣੀ ਦੇ ਟਿਉਬਵੈਲ ਦਾ ਉਦਘਾਟਨ ਕੀਤਾ ਦੇ ਚਲਦੇ ਕੰਮ ਦਾ ਜਾਇਜਾ ਵੀ ਲਿਆ। ਜਿਕਰਯੋਗ ਹੈ ਕਿ 12.16 ਲੱਖ ਰੁਪਏ ਦੀ ਲਾਗਤ ਨਾਲ ਲੱਗ ਰਹੇ ਇਸ ਟਿਉਬਵੈਲ ਦਾ ਆਸਪਾਸ ਦੇ ਪਿੰਡਾਂ ਨੂੰ ਵੀ ਲਾਭ ਮਿਲੇਗਾ। ਇਸਦੇ ਨਾਲ ਹੀ ਪਿੰਡ ਵਾਸੀਆਂ ਨੂੰ ਪੀਣ ਵਾਲੇ ਪਾਣੀ ਸਬੰਧੀ ਪੇਸ਼ ਆ ਰਹੀ ਸੱਮਸਿਆ ਦਾ ਵੀ ਨਿਵਾਰਣ ਹੋ ਜਾਵੇਗਾ। ਇਸ ਮੌਕੇ ਤੇ ਡਾ. ਰਾਜ ਨੇ ਕਿਹਾ ਕਿ ਉਹਨਾਂ ਦੀ ਕੋਸ਼ਿਸ਼ ਰਹਿੰਦੀ ਹੈ ਕਿ ਉਹ ਉਹਨਾਂ ਦੇ ਹਲਕਾ ਵਾਸੀਆਂ ਨੂੰ ਪੇਸ਼ ਆ ਰਹੀਆਂ ਸੱਮਸਿਆਵਾਂ ਦਾ ਪਹਿਲ ਦੇ ਆਧਾਰ ਤੇ ਹੱਲ ਕਰਵਾਉਣ। ਉਹਨਾਂ ਕਿਹਾ ਕਿ ਇਸਦੇ ਲਈ ਸਰਕਾਰ ਪਾਸੋਂ ਗ੍ਰਾਂਟ ਦੀ ਕੋਈ ਕਮੀ ਨਹੀਂ ਛੱਡੀ ਜਾਂਦੀ। ਡਾ. ਰਾਜ ਨੇ ਕਿਹਾ ਕਿ ਉਹਨਾਂ ਲਈ ਉਹਨਾਂ ਦਾ ਹਲਕਾ ਤੇ ਹਲਕਾ ਵਾਸੀ ਪਹਿਲਾਂ ਹਨ ਤੇ ਬਾਕੀ ਸਭ ਕੁੱਝ ਬਾਅਦ ਵਿਚ ਹੈ। ਉਹਨਾਂ ਨੇ ਲੋਕਾਂ ਨੂੰ ਭਰੋਸਾ ਦਵਾਇਆ ਕਿ ਹਲਕੇ ਦੇ ਹਰੇਕ ਪਿੰਡ ਦੇ ਵਿਕਾਸ ਵਿੱਚ ਕੋਈ ਕਮੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਤੇ ਟਿਉਬਵੈਲ ਲਗਵਾਉਣ ਲਈ ਪਿੰਡ ਕਾਹਰੀ ਵਾਸੀਆਂ ਨੇ ਡਾ. ਰਾਜ



ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਪ੍ਰਸ਼ੋਤਮ ਸਿੰਘ ਲੰਬੜਦਾਰ, ਧਰਮਪਾਲ, ਸ਼ੈਲ ਸਿੰਘ ਪੰਚ, ਭਰਤ ਲਾਲ ਸੰਮਤੀ ਮੈਂਬਰ, ਸੰਦੀਪ ਸਿੰਘ, ਦਿਪੀ, ਸਤਨਾਲ ਸਿੰਘ ਸਾਬਦਾ ਪੰਚ, ਜੱਸਾ ਮਰਨਾਇਆਂ ਆਦਿ ਮੌਜੂਦ ਸਨ।

# ਆਰ. ਟੀ.ਪੀ.ਸੀ.ਆਰ ਟੈਸਟ ਦੇ ਵਾਧੂ ਪੈਸੇ ਵਸੂਲਣ ਨੂੰ ਉਜਾਗਰ ਕਰਨ ਵਾਲੇ ਪੱਤਰਕਾਰ ਨੂੰ ਕੀਤਾ ਸਨਮਾਨਿਤ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਕੋਵਿਡ-19 ਮਹਾਂਮਾਰੀ ਦੌਰਾਨ ਗਲਤ ਢੰਗ ਤਰੀਕਿਆਂ ਅਤੇ ਕੋਵਿਡ ਦੇ ਇਲਾਜ ਤੇ ਟੈਸਟ ਵਿੱਚ ਵੱਧ ਪੈਸੇ ਵਸੂਲਣ ਸਬੰਧੀ ਪਰਦਾਫ਼ਾਸ ਕਰਨ ਵਾਲੇ ਵਿਅਕਤੀ ਨੂੰ ਸਨਮਾਨਿਤ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰਦਿਆਂ ਡਿਪਟੀ ਕਮਿਸ਼ਨਰ ਜਲੰਧਰ ਸ੍ਰੀ ਘਨਸ਼ਿਆਮ ਥੋਰੀ ਵਲੋਂ ਅੱਜ ਆਰ.ਟੀ.-ਪੀ.ਸੀ.ਆਰ. ਟੈਸਟ ਵਿੱਚ ਵੱਧ ਪੈਸੇ ਵਸੂਲਣ ਨੂੰ ਉਜਾਗਰ ਕਰਨ ਵਾਲੇ ਪੱਤਰਕਾਰ ਨੂੰ 25000 ਰੁਪਏ ਦੇ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਟ੍ਰਿਬਿਊਨ ਅਖ਼ਬਾਰ ਦੇ ਪੱਤਰਕਾਰ ਅਜੈ ਜੋਸ਼ੀ ਨੂੰ ਇਨਾਮ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਜਿਹੇ ਯਤਨ ਕੋਵਿਡ-19 ਦੇ ਮਰੀਜ਼ਾਂ ਦੇ ਇਲਾਜ ਵਿੱਚ ਸਿਹਤ ਸੰਸਥਾਵਾਂ ਨੂੰ ਹੋਰ ਜ਼ਿੰਮੇਵਾਰੀ ਨਾਲ ਕੰਮ ਕਰਨ ਅਤੇ ਪਾਰਦਰਸ਼ਤਾ ਲਿਆਉਣ ਲਈ ਉਤਸ਼ਾਹਿਤ ਕਰਨਗੇ। ਉਨ੍ਹਾਂ ਸਪਸ਼ਟ ਕਿਹਾ ਕਿ ਕੋਵਿਡ ਦੇ ਮਰੀਜ਼ਾਂ ਦੇ ਇਲਾਜ ਵਿੱਚ ਅਣਗਹਿਲੀ ਵਰਤਣ ਅਤੇ ਵਾਧੂ ਪੈਸੇ ਵਸੂਲਣ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜ਼ਿਲ੍ਹੇ ਵਿੱਚ ਜੇਕਰ ਕੋਈ ਅਜਿਹੀ ਜਾਣਕਾਰੀ ਸਾਹਮਣੇ ਆਉਂਦੀ ਹੈ ਤਾਂ ਉਸ ਖਿਲਾਫ ਮਿਸਾਲੀ ਕਾਰਵਾਈ ਕੀਤੀ ਜਾਵੇਗੀ।



ਅਜਿਹੀਆਂ ਖਾਮੀਆਂ ਨੂੰ ਉਜਾਗਰ ਕਰਨ ਲਈ ਪੱਤਰਕਾਰ ਅਜੈ ਜੋਸ਼ੀ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਕੋਵਿਡ-19 ਸਬੰਧੀ ਇਲਾਜ ਅਤੇ ਸੇਵਾਵਾਂ ਸਬੰਧੀ ਉਣਤਾਈਆਂ ਸਬੰਧੀ ਵਧੇਰੇ ਚੌਕਸ ਹੋ ਕੇ ਰਿਹਾ ਜਾਵੇ। ਸ੍ਰੀ ਥੋਰੀ ਨੇ ਪੱਤਰਕਾਰ ਅਜੈ ਜੋਸ਼ੀ ਵਲੋਂ ਕੀਤੇ ਗਏ ਯਤਨਾਂ ’ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਜੋਸ਼ੀ ਵਲੋਂ ਦੋ ਸਿਹਤ ਸੰਸਥਾਵਾਂ ਵਲੋਂ ਆਰ.ਟੀ.-ਪੀ.ਸੀ.ਆਰ.ਟੈਸਟ ਵਿੱਚ ਵੱਧ ਪੈਸੇ ਵਸੂਲਣ ਵਿਰੁੱਧ ਅਵਾਜ਼ ਉਠਾਈ ਗਈ ਸੀ ਅਤੇ ਹੁਣ ਇਨਾ ਖਿਲਾਫ਼ ਐਫ.ਆਰ.ਆਰ.ਦਰਜ ਕੀਤੀ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਕੋਵਿਡ ਦੇ ਇਲਾਜ ਵਿੱਚ ਪਾਈਆਂ ਜਾਣ ਵਾਲੀਆਂ ਖਾਮੀਆਂ, ਇਲਾਜ ਅਤੇ ਦਵਾਈਆਂ ਵਿੱਚ ਵੱਧ ਪੈਸੇ ਵਸੂਲਣ ਸਬੰਧੀ ਅੱਗੇ ਆਉਣ ਤਾਂ ਜੋ ਸੂਬਾ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਨੂੰ ਸਹੀ ਅਰਥਾਂ ਵਿੱਚ ਲਾਗੂ ਕੀਤਾ ਜਾ ਸਕੇ। ਡਿਪਟੀ ਕਮਿਸ਼ਨਰ ਫਿਰ ਦੁਹਰਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਸਿਹਤ ਸੰਕਟ ਦੀ ਇਸ ਘੜੀ ਵਿੱਚ ਜ਼ਿਲ੍ਹਾ ਵਾਸੀਆਂ ਨੂੰ ਮਿਆਰੀ ਸਿਹਤ ਸਹੂਲਤਾਂ ਸੂਬਾ ਸਰਕਾਰ ਵਲੋਂ ਨਿਰਧਾਰਿਤ ਕੀਤੇ ਗਏ ਵਾਜਬ ਰੇਟਾਂ ’ਤੇ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

# ਨੇਕੀ ਦੀ ਦੁਕਾਨ ਵੱਲੋਂ ਬੂਟੇ ਲਗਾਏ ਗਏ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ )** ਹਰਿਆਵਲ ਪੰਜਾਬ ਮੁਹਿੰਮ ਤਹਿਤ ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਅੱਜ ਨਵਾਂ ਪਿੰਡ ( ਰਾਮ ਸਿੰਘ ਪੁਰ) ਵਿਖੇ ਪੌਦੇ ਲਗਾਏ ਗਏ। ਇਸ ਮੌਕੇ ਮਾਸਟਰ ਅਮਰੀਕ ਸਿੰਘ ਨੇ ਕਿਹਾ ਹਰੇਕ ਵਿਅਕਤੀ ਨੂੰ ਘੱਟੋ ਘੱਟ 2 ਬੂਟੇ ਜਰੂਰ ਲਗਾਉਣੇ ਚਾਹੀਦੇ ਹਨ ਇਸ ਨਾਲ ਸ਼ੁੱਧ ਵਾਤਾਵਰਨ ਅਤੇ ਆਕਸੀਜਨ ਮਿਲੇਗੀ। ਇਸ ਮੌਕੇ ਸ੍ਰੀ ਪਿਆਰਾ ਲਾਲ ਚੇਅਰਮੈਨ ਬਲਾਕ ਸੰਮਤੀ ਜਲੰਧਰ, ਅਮਰਜੀਤ ਸਿੰਘ ਨਵਾਂ ਪਿੰਡ, ਮਾਸਟਰ ਅਮਰੀਕ ਸਿੰਘ, ਸੁਨੀਤ ਕੁਮਾਰ ਨੰਬਰਦਾਰ, , ਸ ਭੁਪਿੰਦਰ ਸਿੰਘ ਮਾਹੀ, ਸਿਤਾਂਸ਼ੂ ਜੋਸ਼ੀ,ਮੋਹਿਤ ਸੇਠ, ਅਮਿਤ ਸ਼ਰਮਾ, ਕਰਮਵੀਰ ਆਦਿ ਹਾਜ਼ਰ ਸਨ।

# ਕਾਂਗਰਸੀ ਕੌਂਸਲਰ ਏਕਤਾ ਜੈਨ ਨੇ ਨਗਰ-ਕੌਂਸਲ ਨਕੋਦਰ ਦੇ ਈ. ਓ. ਰਣਦੀਪ ਸਿੰਘ ਵੜੈਚ ਨੂੰ ਚਿੱਠੀ ਲਿਖਕੇ ਮੰਗ ਕੀਤੀ

**ਨਕੋਦਰ (ਟੋਨੀ / ਵਰੁਣ )** ਸਥਾਨਕ ਨਗਰ ਕੌਂਸਲ ਨਕੋਦਰ ਦੀ ਵਾਰਡ ਨੰ:15 ਤੋਂ ਕਾਂਗਰਸ ਪਾਰਟੀ ਦੇ ਚੋਣ ਨਿਸ਼ਾਨ ਤੇ ਚੋਣ ਲੜਨ ਉਪਰਾਂਤ ਜਿੱਤ ਪ੍ਰਾਪਤ ਕਰਨ ਵਾਲੀ ਮਹਿਲਾਂ ਕਾਂਗਰਸੀ ਕੌਂਸਲਰ ਏਕਤਾ ਜੈਨ ਨੇ ਨਗਰ- ਕੌਂਸਲ ਨਕੋਦਰ ਦੇ ਈ. ਓ. ਰਣਦੀਪ ਸਿੰਘ ਵੜੈਚ ਨੂੰ ਚਿੱਠੀ ਲਿਖਕੇ ਮੰਗ ਕੀਤੀ ਕਿ ਗਰਮੀਆਂ ਦਾ ਮੌਸਮ ਹੋਣ ਕਰਕੇ ਤਾਪਮਾਨ ਬਹੁਤ ਜਿਆਦਾ ਵੱਧ ਗਰਮ ਹੋ ਚੁੱਕਾ ਹੈ, ਇਸ ਭਿਆਨਕ ਗਰਮੀ ਦੇ ਵੱਧ ਰਹੇ ਪ੍ਰਕੋਪ ਨੂੰ ਮੱਦੇਨਜ਼ਰ ਰੱਖਦਿਆਂ ਸ਼ਹਿਰ ਦੇ ਵੱਖ ਵੱਖ ਸਥਾਨਾਂ ਤੇ ਅਵਾਰਾ ਪਸ਼ੂਆਂ ਅਤੇ ਪੰਛੀਆਂ ਦੇ ਪੀਣ ਵਾਲੇ ਪਾਣੀ ਦੇ ਘੱਟੋ ਘੱਟ 10 ਹੌਜ ਪਹਿਲ ਦੇ ਆਧਾਰ ਤੇ ਬਣਵਾਏ ਜਾਣ ਹੌਜਾਂ ਨੂੰ



ਰੋਜ਼ਾਨਾ ਪੱਕੇ ਤੌਰ ਤੇ ਭਰਨ ਅਤੇ ਸਾਫ਼ ਸੁਥਰੇ ਪਾਣੀ ਦੀ ਸਪਲਾਈ ਦਾ ਉਚਿਤ ਪ੍ਰਬੰਧ ਨਗਰ ਕੌਂਸਲ ਅਪਣੇ ਅੱਖਤਿਆਰੀ ਫੰਡਜ਼ ਕੋਟੇ ' ਚੋਂ ਕਰਕੇ ਹੌਜ ਜਲਦ ਤੋਂ ਜਲਦ ਬਣਵਾਏ ਤਾਂ ਜੋ ਅਵਾਰਾ ਪਸ਼ੂ ਅਤੇ ਪੰਛੀ ਪੀਣ ਵਾਲੇ ਪਾਣੀ ਤੋਂ ਪਿਆਸੇ ਨਾ ਰਹਿਣ ਅਤੇ ਵੱਧ ਰਹੀ ਰੋਜ਼ਾਨਾ ਗਰਮੀ ਤੋਂ ਉਨ੍ਹਾਂ ਨੂੰ ਰਾਹਤ ਮਿਲ ਸਕੇ।

# ਸੀ ਆਈ ਏ ਸਟਾਫ ਦਿਹਾਤੀ ਨੇ ਸ਼ਰਾਬ ਤਸਕਰ ਨੂੰ 156 ਬੋਤਲਾਂ ਸ਼ਰਾਬ ਨਾਲ ਕਾਬੂ ਕੀਤਾ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਸੀ ਆਈ ਏ 2 ਜਲੰਧਰ ਦਿਹਾਤੀ ਦੀ ਟੀਮ ਨੇ ਇੱਕ ਸ਼ਰਾਬ ਤਸਕਰ ਨੂੰ 156 ਬੋਤਲਾਂ ਨਾਲ ਫੜਿਆ ਹੈ। ਇਸ ਸੰਬੰਧ ਵਿੱਚ ਸੀ ਆਈ ਏ ਜਲੰਧਰ ਦਿਹਾਤੀ ਦੇ ਇੰਚਾਰਜ ਸਬ ਇੰਸਪੈਕਟਰ ਪੁਸ਼ਪ ਬਾਲੀ ਨੇ ਦੱਸਿਆ ਕਿ ਗੁਪਤ ਇਤਲਾਹ ਮਿਲਣ ਤੇ ਮੁੱਖ ਸਿਪਾਹੀ ਮੋਹਣ ਲਾਲ ਦੀ ਨਿਗਰਾਨੀ ਹੇਠ ਵਿਸ਼ੇਸ਼ ਟੀਮ ਤਿਆਰ ਕੀਤੀ ਗਈ ਜਿਸ ਨੇ ਕਰਤਾਰਪੁਰ ਰੇਲਵੇ ਸਟੇਸ਼ਨ ਨੇੜੇ ਚੈਕਿੰਗ ਦੋਰਾਨ ਟੀਮ ਨੇ ਹੋਡਾਂਸਿਟੀ ਕਾਰ ਨੰਬਰ ਪੀ ਬੀ 08ਏ ਆਰ 0032 ਨੂੰ ਰੋਕ ਕੇ ਤਲਾਸ਼ੀ ਲਈ ਤਾ ਕਾਰ ਵਿੱਚੋਂ 156 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕੀਤੀ। ਕਾਰ ਚਲਾ ਰਿਹਾ ਸ਼ਰਾਬ ਤਸਕਰ ਵਰਿੰਦਰ ਸਿੰਘ ਉਰਫ ਮੋਟੂੰ ਪੁੱਤਰ ਸਰਵਣ ਸਿੰਘ ਵਾਸੀ ਪਿੰਡ ਰੇਰੂ ਥਾਣਾ ਡਵੀਜ਼ਨ ਨੰਬਰ 8 ਨੂੰ ਮੋਕੇ ਤੇ ਕਾਬੂ ਕਰਕੇ ਉਸ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਦੋਸ਼ੀ ਸ਼ਰਾਬ ਤਸਕਰ ਖਿਲਾਫ ਪਹਿਲਾਂ ਵੀ ਕਈ ਨਜਾਇਜ਼ ਸ਼ਰਾਬ ਦੇ ਮਾਮਲੇ ਦਰਜ ਹਨ।



# ਬੇਨਿਯਮੀ ਭਰਤੀ ਮਾਮਲੇ ’ਚ ਘਿਰੀ ਬੀਬੀ ਜਗੀਰ ਕੌਰ ਅਸਤੀਫ਼ਾ ਦੇਵੇ : ਪ੍ਰੋ. ਸਰਚਾਂਦ ਸਿੰਘ

**ਅੰਮ੍ਰਿਤਸਰ ( ਕੁਲਵੰਤ ਸਿੰਘ ਵਿਰਦੀ )** ਸ਼੍ਰੋਮਣੀ ਕਮੇਟੀ ’ਚ ਸਿੱਧੀ ਭਰਤੀ ਦੇ ਮਾਮਲੇ ’ਚ ਬੀਬੀ ਜਗੀਰ ਕੌਰ ਵੱਲੋਂ ਸੰਗਤ ਨੂੰ ਗੁਮਰਾਹ ਕਰਨ ਦਾ ਦੋਸ਼ ਲਾਉਂਦਿਆਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਪ੍ਰੋ: ਸਰਚਾਂਦ ਸਿੰਘ ਨੇ ਬੇਨਿਯਮੀਆਂ ’ਚ ਘਿਰੀ ਬੀਬੀ ਜਗੀਰ ਕੌਰ ਤੋਂ ਪ੍ਰਧਾਨਗੀ ਪਦ ’ਤੋਂ ਅਸਤੀਫ਼ਾ ਮੰਗਦਿਆਂ ਉੱਚ ਪੱਧਰੀ ਨਿਰਪੱਖ ਜਾਂਚ ਪੜਤਾਲ ਦਾ ਸਾਹਮਣਾ ਕਰਨ ਦੀ ਚੁਨੌਤੀ ਦਿੱਤੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸੰਤ ਚਰਨਜੀਤ ਸਿੰਘ ਜੱਸੋਵਾਲ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ’ਤੇ ਦੋ ਦਰਜਨ ਤੋਂ ਵੱਧ ਮੁਲਾਜ਼ਮਾਂ ਦੀ ਭਰਤੀ ਮਾਮਲੇ ’ਚ ਬੇਨਿਯਮੀਆਂ ਦੇ ਲਗਾਏ ਗਏ ਗੰਭੀਰ ਦੋਸ਼ਾਂ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਆਪਦੇ ਭਾਣਜੇ ਬਲਰਾਜ ਸਿੰਘ ਪੁੱਤਰ ਹਰਦੀਪ ਸਿੰਘ ਜਿਸ ਨੂੰ ਦੋ ਮਹੀਨੇ ਪਹਿਲਾਂ ਜੋੜੀ ’ਤੇ ਸਹਾਇਕ ਅਤੇ ਫਿਰ ਇਕ ਮਹੀਨੇ ਬਾਅਦ ਹੀ ਗੁ: ਸੁਖਚੈਆਣਾ ਸਾਹਿਬ ਫਗਵਾੜਾ ਵਿਖੇ ਹੈੱਡ ਰਾਗੀ ਵਜੋਂ ਪਦ ਉੱਨਤ ਕਰਨ ਅਤੇ ਆਪ ਦੇ ਇਕ ਨਜ਼ਦੀਕੀ ਅਧਿਕਾਰੀ ਦੇ ਭਤੀਜੇ ਜਗਦੀਪ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਲਤੀਫਪੁਰ ਨੂੰ ਸ਼੍ਰੋਮਣੀ ਕਮੇਟੀ ’ਚ ਸੁਪਰਵਾਈਜ਼ਰ ਦੀ ਅਹਿਮ ਅਸਾਮੀ ’ਤੇ ਹਾਲ ਹੀ ’ਚ ਭਰਤੀ ਕਰਨ ਪ੍ਰਤੀ ਨਿਰਪੱਖ ਜਾਂਚ ਕਰਾਉਣ ’ਤੇ ਸਾਰਾ ਸੱਚ ਸੰਗਤ ਦੇ ਸਾਹਮਣੇ ਆ ਜਾਵੇਗਾ। ਉਨ੍ਹਾਂ ਪ੍ਰਧਾਨ ਜੀ ਨੂੰ ਸੰਗਤ ਪ੍ਰਤੀ ਜਵਾਬ ਦੇ ਹੋਣ ਲਈ ਕਿਹਾ ਅਤੇ ਸਵਾਲ ਕੀਤਾ ਕਿ ਉਕਤ ਸੁਪਰਵਾਈਜ਼ਰ ਵਰਗੀ ਅਹਿਮ ਅਸਾਮੀ ਲਈ ਭਰਤੀ ਕਿਨ੍ਹਾਂ ਨਿਯਮਾਂ ਅਧੀਨ ਕੀਤੀ ਗਈ? ਕੀ ਕੋਈ ਇਸ਼ਤਿਹਾਰ ਦਿੱਤਾ ਗਿਆ? ਜੇ ਦਿੱਤਾ ਗਿਆ ਤਾਂ ਕਿਸ ਦਿਨ ਤੇ ਕਿਸ ਅਖ਼ਬਾਰ ’ਚ ਦਿੱਤਾ ਗਿਆ? ਕਿਸ ਕਮੇਟੀ ਨੇ ਚੋਣ ਪ੍ਰਕ੍ਰਿਆ ਪੂਰੀ ਕੀਤੀ? ਉਨ੍ਹਾਂ ਕਿਹਾ ਕਿ ਉਹ ਮੁਲਾਜ਼ਮ ਭਰਤੀ ਕਰਨ ਦੇ ਖ਼ਿਲਾਫ਼ ਨਹੀਂ ਹਨ ਪਰ ਜਿੱਥੇ ਕਈ ਲੋਕ ਸਾਲਾਂ ਬਦੀ ਕੱਚੇ ਮੁਲਾਜ਼ਮ ਭਰਤੀ ਹੋਣ ਅਤੇ ਕਈ ਪਦ ਉੱਨਤੀ ਲਈ ਤਰਲੇ ਲੈ ਰਹੇ ਹੋਣ ਉੱਥੇ ਆਪਦੇ ਅਤੇ ਆਪਣੇ ਨਜ਼ਦੀਕੀਆਂ ਦੇ ਰਿਸ਼ਤੇਦਾਰਾਂ ਨੂੰ ਆਪਣੇ



ਅਧਿਕਾਰਾਂ ਦੀ ਦੁਰਵਰਤੋਂ ਕਰਦਿਆਂ ਲਾਭ ਪਹੁੰਚਾਉਣਾ ਕੀ ਨਿਯਮਾਂ ਦੇ ਉਲਟ ਨਹੀਂ? ਉਨ੍ਹਾਂ ਕਿਹਾ ਕਿ ਅਜਿਹੀ ਗਲਤ ਪਹੁੰਚ ਨਾਲ ਉਹ ਸ਼੍ਰੋਮਣੀ ਕਮੇਟੀ ਵਰਗੀ ਮਹਾਨ ਪੰਥਕ ਸੰਸਥਾ ਦੀ ਗਰਿਮਾ ਨੂੰ ਠੇਸ ਪਹੁੰਚਾ ਰਹੇ ਹਨ। ਸਿੱਖ ਸੰਸਥਾਵਾਂ ’ਚ ਕਿਸੇ ਵੀ ਕਿਸਮ ਦੀ ਬੇਨਿਯਮੀ ਨੂੰ ਸੰਗਤ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਯਾਦ ਦਵਾਇਆ ਕਿ ਬੀਤੇ ਦੌਰਾਨ 523 ਮੁਲਾਜ਼ਮਾਂ ਦਾ ਮਾਮਲਾ ਅਤੇ ਬਾਅਦ ’ਚ ਵੀ ਕਈ ਅਜਿਹੇ ਮਾਮਲਿਆਂ ਨੇ ਸ਼੍ਰੋਮਣੀ ਕਮੇਟੀ ਦੇ ਅਕਸ ਨੂੰ ਧੁੰਦਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਸ਼੍ਰੋਮਣੀ ਕਮੇਟੀ ਦੇ ਟਰੱਸਟ ਅਤੇ ਸਿੱਖਿਆ ਅਦਾਰਿਆਂ ’ਚ ਲੋੜ ਅਨੁਸਾਰ ਮੁਲਾਜ਼ਮਾਂ ਦੀ ਤਰਾਂ ਰੱਖਣ ਦੀ ਪ੍ਰਵਾਨਗੀ ਇਸ਼ਤਿਹਾਰ ਦੇਣ ਅਤੇ ਚੋਣ ਮੈਰਿਟ ਦੇ ਅਧਾਰ ’ਤੇ ਕਰਨ ਦੀ ਲਾਜ਼ਮੀ ਸ਼ਰਤ ਅਜ ਵੀ ਲਾਗੂ ਹੈ। ਉਨ੍ਹਾਂ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਇਤਿਹਾਸ ’ਚ ਦੂਜੇ ਪ੍ਰਧਾਨ ਸਾਹਿਬਾਨ ਦੇ ਮੁਕਾਬਲੇ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਬੀਬੀ ਜਗੀਰ ਕੋਰ ਸ਼੍ਰੋਮਣੀ ਕਮੇਟੀ ਦੇ ਧਾਰਮਿਕ ਅਤੇ ਪ੍ਰਬੰਧਕੀ ਦਫ਼ਤਰਾਂ- ਸੰਸਥਾਵਾਂ ’ਚ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੀ ਥਾਂ ਆਪਦੀ ਤਸਵੀਰ ਲਗਾਉਣ ਨੂੰ ਪਹਿਲ ਦੇ ਰਹੀ ਹੈ। ਜਿਸ ਲਈ ਉਨ੍ਹਾਂ ਵਲੋਂ ਗੁਰੂ ਘਰ ਦੇ ਖਜਾਨੇ ਵਿਚੋਂ ਸੈਂਕੜੇ ਹੀ ਤਸਵੀਰਾਂ ਬਣਵਾਈਆਂ ਗਈਆਂ ਹਨ।

# ਸੰਤ ਬਾਬਾ ਗੁਰਮੀਤ ਸਿੰਘ ਜੀ ਜੌਹਲਾਂ ਵਾਲਿਆ ਦੇ ਦੁਸਹਿਰੇ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ

ਸ੍ਰੀ ਮਾਨ ਸੰਤ ਬਾਬਾ ਗੁਰਮੀਤ ਸਿੰਘ ਜੀ ਨਿਰਮਲ ਕੁਟੀਆ ਜੌਹਲਾਂ ਵਾਲੇ ਜੋ ਕਿ ਬੀਤੀ 9 ਮਈ ਨੂੰ ਧਿਆਨਾ ਕਰ ਗਏ ਸਨ ਉਹਨਾਂ ਦੇ ਦੁਸਹਿਰੇ ਦੇ ਸੰਬੰਧ ਵਿੱਚ 16 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ ਜਿਹਨਾਂ ਦੇ ਭੋਗ ਮਿਤੀ 18 ਮਈ ਦਿਨ ਮੰਗਲਵਾਰ ਨੂੰ ਨਿਰਮਲ ਕੁਟੀਆ ਜੌਹਲਾਂ ਵਿਖੇ ਪਾਏ ਗਏ । ਕੀਰਤਨ ਉਪਰੰਤ ਸ਼ਰਧਾਂਜਲੀ ਸਮਾਗਮ ਵਿੱਚ ਵੱਖ ਵੱਖ ਮਹਾਪੁਰਸ਼ਾ ਵੱਲੋ ਸ਼ਰਧਾਂਜਲੀ ਭੇਟ ਕੀਤੀ ਗਈ । ਸਤਿਕਾਰ ਯੋਗ ਸੰਤਾ ਵਿਚ ਸ੍ਰੀ ਮਾਨ ਸੰਤ ਬਾਬਾ ਅਨਹਦ ਰਾਜ ਸਿੰਘ ਜੀ ਸਮਰਾਲਾ ਚੌਂਕ , ਸ੍ਰੀ ਮਾਨ ਸੰਤ ਬਾਬਾ ਅਵਤਾਰ ਸਿੰਘ ਜੀ ਸੁਰ ਸਿੰਘ ਵਾਲੇ , ਭਾਈ ਅਮਰਜੀਤ ਸਿੰਘ ਜੀ ਅੰਮ੍ਰਿਤਸਰ ਵਾਲੇ , ਸ੍ਰੀ ਮਾਨ ਸੰਤ ਰੇਸ਼ਮ ਸਿੰਘ ਜੀ ਸ੍ਰੀ ਮਹੰਤ ਜੀ , ਸੰਤ ਕਸ਼ਮੀਰ ਸਿੰਘ ਜੀ ਭੂਰੀ ਵਾਲੇ , ਸ੍ਰੀਮਾਨ ਸੰਤ ਸੰਤੋਖ ਸਿੰਘ ਜੀ (ਪ੍ਰਧਾਨ ਸਰਬ ਮੰਡਲ ) ,ਸ੍ਰੀਮਾਨ ਸੰਤ ਗੋਪਾਲ ਸਿੰਘ ਕੋਠਾਰੀ , ਸ੍ਰੀਮਾਨ ਸੰਤ ਜਰਨੈਲ ਸਿੰਘ ਜੀ ,ਸ੍ਰੀਮਾਨ ਸੰਤ ਬਿਦਰ ਸਿੰਘ ਜੀਂ , ਸ੍ਰੀਮਾਨ ਸੰਤ ਅਮਰੀਕ ਸਿੰਘ ਜੀ ਅੰਮ੍ਰਿਤਸਰ ਸਾਹਿਬ , ਸ੍ਰੀਮਾਨ ਸੰਤ ਸੁਖਚੈਨ ਸਿੰਘ ਜੀ , ਸ੍ਰੀਮਾਨ ਸੰਤ ਪ੍ਰੇਮ ਸਿੰਘ ਜੀ , ਸ੍ਰੀਮਾਨ ਸੰਤ ਪ੍ਰੀਤਮ ਸਿੰਘ ਜੀ ,ਸ੍ਰੀਮਾਨ ਸੰਤ ਬਿਕਰਮਜੀਤ ਸਿੰਘ ਜੀ, ਸ੍ਰੀਮਾਨ ਸੰਤ ਜੋਗਾ ਸਿੰਘ ਜੀ ਕਰਨਾਲ , ਸ੍ਰੀਮਾਨ ਸੰਤ ਅਰਜਨ ਸਿੰਘ ਜੀ , ਸ੍ਰੀਮਾਨ ਸੰਤ ਜੋਗਿੰਦਰ ਸਿੰਘ ਜੀ , ਸ੍ਰੀਮਾਨ ਸੰਤ ਮਨਜੀਤ ਸਿੰਘ ਜੀ, ਸ੍ਰੀਮਾਨ ਸੰਤ ਮਹਾਂਵੀਰ ਸਿੰਘ ਜੀ, ਸ੍ਰੀਮਾਨ ਸੰਤ ਕਰਮਜੀਤ ਸਿੰਘ ਜੀ , ਸ੍ਰੀਮਾਨ ਸੰਤ ਬਲਬੀਰ ਸਿੰਘ ਜੀ , ਸ੍ਰੀਮਾਨ ਸੰਤ ਬਲਬੀਰ ਸਿੰਘ ਜੀ ਲੰਗੇਰੀ , ਸ੍ਰੀਮਾਨ ਸੰਤ ਬਾਬਾ ਨਰਿੰਦਰ ਸਿੰਘ ਜੀ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ , ਸ੍ਰੀਮਾਨ ਸੰਤ ਜੁਗਰਾਜ ਸਿੰਘ ਜੀ , ਸ੍ਰੀਮਾਨ ਸੰਤ ਪ੍ਰੀਤਮ ਸਿੰਘ ਜੀ , ਸ੍ਰੀਮਾਨ ਸੰਤ ਜਗਤਾਰ ਸਿੰਘ ਜੀ , ਸ੍ਰੀਮਾਨ ਸੰਤ ਗੁਰਮੀਤ ਸਿੰਘ ਜੀ , ਸ੍ਰੀਮਾਨ ਸੰਤ ਇਸ਼ਰਦਾਸ ਜੀ , ਸ੍ਰੀਮਾਨ ਸੰਤ ਚਮਕੌਰ ਸਿੰਘ ਜੀ , ਸ੍ਰੀਮਾਨ ਸੰਤ ਜੁਗਰਾਜ ਸਿੰਘ ਜੀ , ਸ੍ਰੀਮਾਨ ਸੰਤ ਸੰਤੋਖ ਸਿੰਘ ਜੀ , ਸ੍ਰੀਮਾਨ ਸੰਤ ਸਤਨਾਮ ਸਿੰਘ ਜੀ , ਸ੍ਰੀਮਾਨ ਸੰਤ ਹਰਿੰਦਰ ਸਿੰਘ ਜੀ , ਸ੍ਰੀਮਾਨ ਸੰਤ ਅਮਰਿੰਦਰ ਸਿੰਘ ਜੀ , ਸ੍ਰੀਮਾਨ ਸੰਤ ਸੁਖਜੀਤ ਸਿੰਘ ਜੀ , ਸ੍ਰੀਮਾਨ ਸੰਤ ਬਲੌਰ ਸਿੰਘ ਜੀ , ਸ੍ਰੀਮਾਨ ਸੰਤ ਤਰਲੋਚਨ ਸਿੰਘ ਜੀ , ਸ੍ਰੀਮਾਨ ਸੰਤ ਪਿਆਰਾ ਸਿੰਘ ਜੀ , ਸ੍ਰੀਮਾਨ ਸੰਤ ਜਤਿੰਦਰ ਸਿੰਘ ਕਿ , ਸ੍ਰੀਮਾਨ ਸੰਤ ਬਾਬਾ ਘਾਲਾ ਸਿੰਘ ਜੀ ਮੁਖੀ ਨਾਨਕਸਰ ਸੰਪਰਦਾਇ , ਸ੍ਰੀਮਾਨ ਸੰਤ ਸਵਾਮੀ ਸ਼ਾਂਤਾਨੰਦ ਜੀ , ਸ੍ਰੀਮਾਨ ਸੰਤ ਜੈਲ ਸਿੰਘ ਜੀ ਸ਼ਾਸਤਰੀ ਜੀ ਆਦਿ ਮੌਜੂਦ ਸਨ । ਹੋਰ ਮੇਅਰ ਜਗਦੀਸ਼ ਰਾਜਾ , ਸ.ਪਰਮਜੀਤ ਸਿੰਘ ਰਾਏਪੁਰ , ਪਵਨ ਕੁਮਾਰ ਟੀਨੂੰ , ਸ.ਸਰਬਜੀਤ ਸਿੰਘ ਮੱਕੜ , ਜਥੇਦਾਰ ਦਵਿੰਦਰ ਸਿੰਘ ਸਰਪੰਚ ਬੁਧਿਆਂਣਾ ,ਸ. ਬਲਵੀਰ ਸਿੰਘ ਢਿੱਲੋ ਆਦਿ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ ।

# ਕਾਲਕਾ ਸਬਜ਼ੀ ਮੰਡੀ ਤੇ ਲੱਗਿਆ ਤਾਲਾ, ਲਾਕ ਡੌਨ ਦੇ ਬਾਵਜੂਦ ਚਲ ਰਹੀ ਸੀ ਮੰਨਮਾਨੀ

**ਪੰਚਕਲਾ (ਦੀਪਕ ਸ਼ਰਮਾ)** ਮਾਰਕੀਟ ਕਮੇਟੀ ਨੇ ਕਾਲਕਾ ਸਬਜੀ ਮੰਡੀ ਦਾ ਗੇਟ ਬੰਦ ਕਰਕੇ ਤਾਲਾ ਲਗਾ ਦਿੱਤਾ । ਇਸ ਤੋਂ ਬਾਅਦ ਮੰਡੀ ਵਿਚ ਫਲ ਅਤੇ ਸਬਜੀਆਂ ਦੇ ਵਿਕਰੇਤਾ ਆਪਣਾ ਮਾਲ ਬਾਜਾਰ ਵਿਚ ਵੇਚਦੇ ਵੇਖੇ ਗਏ । ਦੱਸ ਦੇਈਏ ਕਿ ਪ੍ਰਸਾਸਨ ਦੇ ਨਿਯਮਾਂ ਦੀ ਉਲੰਘਣਾ ਕਰਦਿਆਂ ਸਬਜੀ ਅਤੇ ਫਲ ਵਿਕਰੇਤਾ ਰੋਜ ਸਵੇਰੇ ਸਾਮਾਨ ਵੇਚਣ ਲਈ ਮੰਡੀ ਪਹੁੰਚ ਰਹੇ ਸਨ । ਨਾ ਤਾਂ ਇੱਥੇ ਸਮਾਜਿਕ ਦੂਰੀਆਂ ਦਾ ਧਿਆਨ ਰੱਖਿਆ ਜਾ ਰਿਹਾ ਹੈ ਅਤੇ ਨਾ ਹੀ ਲੋਕ ਮਾਸਕ ਲਗਾ ਰਹੇ ਹਨ । ਮੰਡੀ ਦੇ ਅਧਿਕਾਰੀ ਦਾਅਵਾ ਕਰ ਰਹੇ ਸਨ ਕਿ ਸੋਮਵਾਰ ਨੂੰ ਮੰਡੀ ਦੇ ਗੇਟ ਬੰਦ ਕਰ ਦਿਤੇ ਜਾਣਗੇ । ਪਰ ਸੋਮਵਾਰ ਨੂੰ ਵੀ ,ਮੰਡੀ ਪਹਿਲਾਂ ਵਾਂਗ ਖੁਲੀ ਸੀ । ਇਹ ਸਬ ਦੇਖਦੇ ਹੋਏ ਅਧਿਕਾਰੀ ਹਰਕਤ ਵਿੱਚ ਆਏ ਅਤੇ ਕਮੇਟੀ ਨੇ ਮੰਡੀ ਦੇ ਗੇਟ ਨੂੰ ਤਾਲਾ ਲਾ ਦਿੱਤਾ ।ਕਿਸੇ ਨੂੰ ਵੀ ਮੰਡੀ ਵਿੱਚ ਫਲ ਅਤੇ ਸਬਜੀਆਂ ਵੇਚਣ ਦੀ ਆਗਿਆ ਨਹੀਂ ਹੈ ।

# ਪ੍ਰਾਈਵੇਟ ਹਸਪਤਾਲਾਂ ਲਈ ਸਿਹਤ ਵਿਭਾਗ ਨੇ ਜਾਰੀ ਕੀਤੇ ਰੇਟ, ਇਸ ਤੋਂ ਵੱਧ ਰੇਟ ਲੈਣ ਵਾਲੇ ਹਸਪਤਾਲਾਂ ਤੇ ਹੋਵੇਗੀ ਸਖਤ ਕਾਰਵਾਈ

**ਪੰਚਕਲਾ (ਦੀਪਕ ਸ਼ਰਮਾ)** ਸਿਹਤ ਵਿਭਾਗ ਨੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਅਧੀਨ ਲੋਕਾਂ ਲਈ ਰੇਟ ਤੈਅ ਕੀਤੇ ਹਨ । ਜੇ ਕੋਈ ਪ੍ਰਾਈਵੇਟ ਹਸਪਤਾਲ ਇਨਾਂ ਰੇਟਾਂ ਤੋਂ ਵੱਧ ਲੈਂਦਾ ਹੈ ਤਾਂ ਪ੍ਰਸਾਸਨ ਵੱਲੋਂ ਇਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ । ਸਿਹਤ ਵਿਭਾਗ ਵੱਲੋਂ ਗੈਰ ਐਨ.ਏ.ਬੀ.ਐਲ. ਦੁਆਰਾ ਮਾਨਤਾ ਪ੍ਰਾਪਤ ਹਸਪਤਾਲਾਂ ਵਿੱਚ ਇਸੋਲੇਸ਼ਨ ਬੈੱਡ 8000 ਰੁਪਏ ਪ੍ਰਤੀ ਦਿਨ, ਆਈ.ਸੀ.ਯੂ. ਬੈੱਡ ਬਿਨਾਂ ਵੈਂਟੀਲੇਟਰ 13000 ਰੁਪਏ, ਆਈ.ਸੀ.ਯੂ. ਬੈੱਡ ਵੈਂਟੀਲੇਟਰ ਨਾਲ 15000 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਰੱਖੇ ਗਏ ਹਨ । ਇਸ ਪੈਕੇਜ ਵਿਚ ਰੇਮਦਿਸਿਵਿੱਰ ਅਤੇ ਟੌਸੀਲੀਜੁਮੈਬ ਇੰਜੇਕਸ਼ਨ ਸ਼ਾਮਲ ਨਹੀਂ ਹਨ ਇਸ ਦੇ ਨਾਲ ਕੋਰੋਨਾ ਟੈਸਟ ਵੀ ਵੱਖਰਾ ਕਰਾਉਣਾ ਪਏਗਾ । ਸਿਵਲ ਸਰਜਨ ਵੱਲੋਂ ਸੈਕਟਰ -6 ਸਥਿਤ ਜਨਰਲ ਹਸਪਤਾਲ ਵਿੱਚ ਕੋਰੋਨਾ ਸੰਕ੍ਰਮਿਤ ਭਰਤੀ ਹੋਣ ਵਾਲੇ ਮਰੀਜ਼ਾਂ ਦੇ ਬਾਰੇ ਪਰਿਵਾਰਾਂ ਨੂੰ ਜਾਣਕਾਰੀ ਦੇਣ ਲਈ ਹੈਲਪਲਾਈਨ ਨੰਬਰ ਜਾਰੀ ਕੀਤੇ ਗਏ ਹਨ । ਕੋਰੋਨਾ ਸੰਕ੍ਰਮਿਤ ਰਿਸਤੇਦਾਰ ਹੈਲਪਲਾਈਨ ਨੰਬਰ 9501519270 ਅਤੇ 0172-2578000 'ਤੇ ਕਾਲ ਕਰਕੇ ਆਪਣੇ ਮਰੀਜ ਦੀ ਸਿਹਤ ਨੂੰ ਜਾਣ ਸਕਦੇ ਹਨ । ਇਸ ਤੋਂ ਇਲਾਵਾ, ਕਰੋਨਾ ਨਾਲ ਸਬੰਧਤ ਕਿਸੇ ਵੀ ਜਾਣਕਾਰੀ ਲਈ, ਤੁਸੀਂ ਸਹਿਰੀ ਅਤੇ ਗ੍ਰਾਮੀਣ ਖੇਤਰਾਂ ਲਈ ਹੈਲਪਲਾਈਨ ਨੰਬਰ 9817573779, 9817580716, 9817580549, 9817588985 ਤੇ ਸੰਪਰਕ ਕਰ ਸਕਦੇ ਹੋ । ਇਸ ਤੋਂ ਇਲਾਵਾ ਐਂਬੂਲੈਂਸ ਸੇਵਾ ਲਈ ਟੋਲ ਫ੍ਰੀ ਨੰਬਰ 108 ਤੋਂ ਇਲਾਵਾ 8168143108 ਜਾਰੀ ਕੀਤੇ ਗਏ ਹਨ ।

# ਦੁਕਾਨਦਾਰਾਂ ਪ੍ਰਤੀ ਪ੍ਰਸਾਸਨ ਦੇ ਰਵੱਈਏ ਕਾਰਨ ਵਪਾਰੀ ਸੜਕਾਂ 'ਤੇ ਉਤਰੇ




**ਚੰਡੀਗੜ (ਦੀਪਕ ਸ਼ਰਮਾ)** ਚੰਡੀਗੜ ਵਿੱਚ ਕੋਰੋਨਾ ਮਹਾਂਮਾਰੀ ਦੌਰਾਨ ਲਾਕਡਾਉਣ ਬਾਰੇ ਪ੍ਰਸਾਸਨ ਦੇ ਰਵੱਈਏ ਖਿਲਾਫ ਵਪਾਰੀ ਅੱਜ ਸੜਕਾਂ 'ਤੇ ਉਤਰ ਆਏ । ਟਰੇਡ ਬੋਰਡ ਦੇ ਸੱਦੇ 'ਤੇ ਅੱਜ ਸਹਿਰ ਭਰ ਦੀ ਮਾਰਕੀਟ' ਤੇ ਵੱਖ-ਵੱਖ ਥਾਵਾਂ ਤੇ ਪ੍ਰਦਰਸਨ ਕੀਤੇ ਗਏ । ਵਪਾਰੀਆਂ ਨੇ ਦੋਸ ਲਾਇਆ ਕਿ ਪ੍ਰਸਾਸਨ ਦੋਹਰੀ ਨੀਤੀ ਤੇ ਚਾਲ ਰਿਹਾ ਹੈ, ਪੂਰੇ ਸਹਿਰ ਵਿੱਚ ਬੈਂਕ, ਦਫਤਰ ਖੁੱਲੇ ਹਨ, ਆਵਜਾਹਿ ਜੋਰਾਂ 'ਤੇ ਹੈ ਪਰ ਬਾਜਾਰ ਖੋਲਣ ਤੇ ਪਾਬੰਦੀ ਹੈ । ਵਪਾਰੀਆਂ ਨੇ ਮੰਗ ਕੀਤੀ ਕਿ ਜਾਂ ਤਾਂ ਪੂਰਾ ਲਾਕ ਡਾਵਣ ਕੀਤਾ ਜਾਵੇ ਨਹੀਂ ਤਾਂ ਮਾਰਕੀਟ ਨੂੰ ਖੋਲਣ ਦਿੱਤਾ ਜਾਵੇ । ਵਪਾਰ ਬੋਰਡ ਨੇ ਮੰਗ ਕੀਤੀ ਕਿ ਪ੍ਰਸਾਸਨ ਉੱਡ ਈਵਨ ਦੇ ਫਾਰਮੂਲੇ ਨੂੰ ਲਾਗੂ ਕਰ ਸਕਦਾ ਹੈ । ਤਾਂ ਜੋ ਵਪਾਰੀਆਂ ਨੂੰ ਕੁਝ ਰਾਹਤ ਮਿਲ ਸਕੇ ਪਰ ਪ੍ਰਸਾਸਨ ਨੇ ਵਾਰ ਰੂਮ ਵਿਚ ਬੈਠਕੇ ਫੈਸਲਾ ਲੈ ਲੀਤਾ, ਛੋਟੇ ਵਪਾਰੀਆਂ ਦਾ ਧਿਆਨ ਨਹੀਂ ਰੱਖਿਆ ਜਾ ਰਿਹਾ ਹੈ ।

# ਡਿਪਟੀ ਕਮਿਸ਼ਨਰ ਫਿਰੋਜ਼ਪੁਰ ਵੱਲੋਂ ਪ੍ਰਾਈਵੇਟ ਐਂਬੂਲੈਂਸਾਂ ਦੇ ਰੇਟ ਨਿਰਧਾਰਿਤ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਜ਼ਿਲ੍ਹਾ ਪ੍ਰਸ਼ਾਸਨ ਫਿਰੋਜ਼ਪੁਰ ਵੱਲੋਂ ਕੋਵਿਡ-19 ਤੋਂ ਜ਼ਿਲ੍ਹਾ ਵਾਸੀਆਂ ਨੂੰ ਸੁਰੱਖਿਅਤ ਰੱਖਣ ਲਈ ਜਿੱਥੇ ਮਿਸ਼ਨ ਫਤਿਹ ਤਹਿਤ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾ ਰਹੀ ਹੈ। ਉੱਥੇ ਮਰੀਜ਼ਾਂ ਦੀ ਸਹਾਇਤਾ ਲਈ ਵਿਸ਼ੇਸ਼ ਕਦਮ ਵੀ ਪੁੱਟੇ ਜਾ ਰਹੇ ਹਨ। ਇਸੇ ਲੜੀ ਤਹਿਤ ਮਾਨਯੋਗ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਵੱਲੋਂ ਪ੍ਰਾਈਵੇਟ ਐਂਬੂਲੈਂਸਾਂ ਦੇ ਰੇਟ ਨਿਰਧਾਰਿਤ ਕਰ ਦਿੱਤੇ ਗਏ ਹਨ ਤਾਂ ਜੋ ਕਰੋਨਾ ਮਹਾਂਮਾਰੀ ਕਾਰਨ ਪੈਦਾ ਹੋਏ ਇਸ ਨਾਜ਼ੁਕ ਹਾਲਾਤ ਦੌਰਾਨ ਕੋਈ ਵੀ ਵਾਧੂ ਚਾਰਜ ਨਾ ਵਸੂਲ ਸਕੇ। ਡਿਪਟੀ ਮੈਡੀਕਲ ਕਮਿਸ਼ਨਰ ਫਿਰੋਜ਼ਪੁਰ ਡਾ. ਰਾਜੀਵ ਬੈਂਸ ਨੇ ਦੱਸਿਆ ਕਿ ਬਗੈਰ ਏ.ਸੀ. ਪ੍ਰਾਈਵੇਟ ਐਂਬੂਲੈਂਸ 15 ਰੁਪਏ ਪ੍ਰਤੀ ਕਿਲੋਮੀਟਰ, ਏ.ਸੀ. ਵਾਲੀ ਐਂਬੂਲੈਂਸ 20 ਰੁਪਏ ਪ੍ਰਤੀ ਕਿਲੋਮੀਟਰ, ਲਾਈਫ ਸਪੋਰਟ ਐਂਬੂਲੈਂਸ 25 ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਚਾਰਜ ਵਸੂਲ ਕਰੇਗੀ ਤੇ ਨਿਰਧਾਰਿਤ ਕੀਤੇ ਰੇਟ ਤੋਂ ਵੱਧ ਕੋਈ ਵੀ ਐਂਬੂਲੈਂਸ ਵਾਲਾ ਚਾਰਜ ਨਾ ਵਸੂਲ ਕਰੇ।

# ਆਬਕਾਰੀ ਵਿਭਾਗ ਵੱਲੋਂ ਛਾਪੇਮਾਰੀ ਦੌਰਾਨ 1 ਲੱਖ ਲੀਟਰ ਦੇ ਕਰੀਬ ਕੱਚੀ ਲਾਹਣ ਅਤੇ 400 ਬੋਤਲਾਂ ਨਜਾਇਜ ਸ਼ਰਾਬ ਬਰਾਮਦ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਐਕਸਾਈਜ਼ ਵਿਭਾਗ ਫ਼ਿਰੋਜ਼ਪੁਰ ਨੇ ਛਾਪੇਮਾਰੀ ਕਰਦਿਆਂ ਪਿੰਡ ਚਾਂਦੀ ਵਾਲਾ, ਅਲੀ ਕੇ ਅਤੇ ਚੱਕਰ ਦਾ ਬੇਠਾ ਨਜਦੀਕ ਸਤਲੁਜ ਦਰਿਆ ਕੰਢੇ ਛਾਪੇਮਾਰੀ ਕਰਦਿਆਂ 98,000 ਲੀਟਰ ਦੇ ਕਰੀਬ ਕੱਚੀ ਲਾਹਣ ਅਤੇ 400 ਬੋਤਲ ਨਜਾਇਜ ਸ਼ਰਾਬ ਫੜਨ ਚ ਸਫਲਤਾ ਹਾਸਿਲ ਕੀਤੀ ਹੈ। ਭਾਰੀ ਮਾਤਰਾ ਵਿਚ ਲਾਹਣ ਫੜਨ ਦੀ ਫ਼ਿਰੋਜ਼ਪੁਰ ਐਕਸਾਈਜ਼ ਵਿਭਾਗ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।ਵਿਭਾਗ ਅਧੀਕਾਰੀਆਂ ਵੱਲੋਂ ਭਾਰੀ ਮਾਤਰਾ ਵਿੱਚ ਲਾਹਣ ਅਤੇ ਨਜਾਇਜ ਸ਼ਰਾਬ ਬਰਾਮਦ ਕਰ ਕੇ ਉਸ ਨੂੰ ਮੌਕੇ ਤੇ ਨਸ਼ਟ ਕਰ ਦਿੱਤਾ ਗਿਆ ਹੈ। ਐਕਸਾਈਜ਼ ਵਿਭਾਗ ਫ਼ਿਰੋਜ਼ਪੁਰ ਦੇ ਇੰਸਪੈਕਟਰ ਗੁਰਬਖ਼ਸ਼ ਸਿੰਘ ਅਤੇ ਇੰਸਪੈਕਟਰ ਸਤਿੰਦਰ ਸਿੰਘ ਮੱਲੀ ਨੇ ਦੱਸਿਆ ਕਿ ਸਤਲੁਜ ਦਰਿਆ ਦੇ ਕੰਢੇ ਪਿੰਡ ਚਾਂਦੀਵਾਲਾ ,ਅਲੀ ਕੇ ਅਤੇ ਚੱਕਰ ਦਾ ਬੇਠਾ ਨੇੜੇ ਇਹ ਕੱਚੀ ਸ਼ਰਾਬ ਬਣਾਉਣ ਦਾ ਸਿਲਸਿਲਾ ਜਾਰੀ ਸੀ। ਐਕਸਾਈਜ਼ ਵਿਭਾਗ ਫ਼ਿਰੋਜ਼ਪੁਰ ਵੱਲੋਂ ਪੁਲਿਸ ਵਿਭਾਗ ਦੀ ਮਦਦ ਨਾਲ ਛਾਪੇਮਾਰੀ ਕਰਦਿਆਂ ਇਸ ਨੂੰ ਨਾਕਾਮਯਾਬ ਕੀਤਾ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਛਾਪੇਮਾਰੀ ਦੌਰਾਨ 98000 ਲਾਹਣ, 400 ਬੋਤਲ ਨਾਜਾਇਜ਼ ਸ਼ਰਾਬ, 21 ਡਰੰਮ , 49 ਤਰਪਾਲਾਂ , 2 ਰਬੜ ਦੀਆਂ ਟਿਊਬਾਂ ,12 ਐਲੂਮਨਿਊਮ ਡਰੰਮ ਆਦਿ ਸਾਮਾਨ ਬਰਾਮਦ ਕੀਤਾ ਗਿਆ ਹੈ ।ਉਨ੍ਹਾਂ ਨੇ ਦੱਸਿਆ ਕਿ ਫੜੀ ਗਈ ਲਾਹਣ ਅਤੇ ਨਜਾਇਜ ਸ਼ਰਾਬ ਨੂੰ ਮੌਕੇ ਤੇ ਹੀ ਨਸ਼ਟ ਕਰ ਦਿੱਤਾ ਗਿਆ ਤਾਂ ਕਿ ਉਹ ਕਿਸੇ ਨੂੰ ਨੁਕਸਾਨ ਨਾ ਪਹੁੰਚਾ ਸਕੇ। ਇਸ ਬਾਬਤ ਕਾਰਵਾਈ ਪੁਲਿਸ ਵੱਲੋਂ ਵੀ ਅਮਲ ਚ ਲਿਆਂਦੀ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਹੁਣ ਤੱਕ ਦੀ ਇਹ ਸਭ ਤੋਂ ਵੱਡੀ ਬਰਾਮਦਗੀ ਹੈ।



# ਕੋਟਕਪੂਰਾ ਮਾਮਲਾ 'ਚ ਆਏ ਫੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਣ ਲਈ ਕੈਪਟਨ 'ਤੇ ਦਬਾਅ ਪਾਉਣ ਮੰਤਰੀ

**ਚੰਡੀਗੜ (ਦੀਪਕ ਸ਼ਰਮਾ)** ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਵਿਚ ਦੋਸ਼ੀਆਂ ਨੂੰ ਸਜਾ ਦਿਵਾਉਣ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬੁਰੀ ਤਰਾਂ ਫੇਲ ਸਾਬਿਤ ਹੋਈ ਹੈ। ਉਨਾਂ ਕਿਹਾ ਕਿ ਸਰਕਾਰ ਮਾਣਯੋਗ ਹਾਈਕੋਰਟ ਦੇ ਫੈਸਲੇ ਵਿਚ ਕੈਪਟਨ ਦੇ ਚਹੇਤੇ ਐਡਵੋਕੇਟ ਜਨਰਲ ਅਤੁਲ ਨੰਦਾ ਦੀ ਨਕਾਰਾਤਮਕ ਭੂਮਿਕਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜਾ ਦਿਵਾਉਣ ਦੀ ਬਜਾਏ ਉਨਾਂ ਦੇ ਬਚਾਓ ਕਰਨ ਵਾਲੇ ਪੱਖ ਵਿਚ ਰਹੀ ਹੈ। ਉਨਾਂ ਕਿਹਾ ਕਿ ਅੱਜ ਸੁਖਬੀਰ ਸਿੰਘ ਬਾਦਲ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਚੈਲੰਜ ਕਰ ਰਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਵਿਚ ਜੇ ਵਿਰੋਧੀ ਪਾਰਟੀਆਂ ਕੋਲ ਉਨਾਂ ਦੇ ਜਾਂ ਉਨਾਂ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਦੇ ਖਲਿਾਫ ਕੋਈ ਸਬੂਤ ਹਨ ਤਾਂ ਜਨਤਾ ਵਿਚ ਪੇਸ਼ ਕੀਤੇ ਜਾਣ। ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਇਹ ਦਮਗਜਾ ਉਸ ਵੇਲੇ ਮਾਰਿਆ ਹੈ, ਜਦੋਂ ਉਸ ਨੂੰ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਹ ਪੁਖਤਾ ਭਰੋਸਾ ਦਿੱਤਾ ਗਿਆ ਹੈ ਕਿ ਉਨਾਂ ਦੀ ਸਰਕਾਰ ਮਾਣਯੋਗ ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਨਹੀਂ ਦੇਵੇਗੀ।

ਇਸ ਲਈ ਬੇਅਦਬੀ ਦੇ ਮਾਮਲੇ 'ਤੇ ਕਾਂਗਰਸ ਦੇ ਵਜੀਰਾਂ, ਵਿਧਾਇਕਾਂ ਅਤੇ ਮੈਂਬਰ ਪਾਰਲੀਮੈਂਟਾਂ ਨੂੰ ਕੈਪਟਨ ਅਮਰਿੰਦਰ ਸਿੰਘ 'ਤੇ ਦਬਾਅ ਬਣਾਉਣਾ ਚਾਹੀਦਾ ਹੈ ਕਿ ਸਰਕਾਰ ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਵੇ। ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਦੇ ਆਗੂ ਕੈਪਟਨ ਅਮਰਿੰਦਰ ਸਿੰਘ ਤੋਂ ਇਸ ਗੱਲ ਦਾ ਜਵਾਬ ਮੰਗਣ ਕਿ ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਦੇ ਐਲਾਨ ਤੋਂ ਬਾਅਦ ਆਖਰ ਅਜਿਹਾ ਕੀ ਹੋਇਆ ਕਿ ਕੈਪਟਨ ਆਪਣੇ ਐਲਾਨ ਤੋਂ ਹੀ ਮੁੱਕਰ ਗਏ ਅਤੇ ਉਲਟਾ ਨਵੀਂ ਸਿਟ ਬਣਾ ਕੇ ਮਾਮਲੇ ਦੀ ਤਫਤੀਸ਼ ਲਈ 6 ਮਹੀਨੇ ਦਾ ਹੋਰ ਸਮਾਂ ਦੇ ਦਿੱਤਾ।

ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਉਹ ਇਹ ਮਹਿਸੂਸ ਕਰਦੇ ਹਨ ਕਿ ਸੁਖਬੀਰ ਸਿੰਘ ਬਾਦਲ ਦੀਆਂ ਫੋਕੀਆਂ ਬੜਕਾਂ ਦੇ ਪਿੱਛੇ ਕੈਪਟਨ ਅਮਰਿੰਦਰ ਸਿੰਘ ਦੀ ਹੱਲਾਸ਼ੇਰੀ ਹੀ ਹੈ, ਇਸ ਬਲਬੂਤੇ 'ਤੇ ਹੀ ਉਹ ਵਿਰੋਧੀ ਪਾਰਟੀਆਂ ਨੂੰ ਸਬੂਤ ਪੇਸ਼ ਕਰਨ ਲਈ ਚੁਣੌਤੀ ਦੇ ਰਹੇ ਹਨ। ਉਨਾਂ ਕਿਹਾ ਕਿ ਬਣਦਾ ਤਾਂ ਇਹ ਸੀ ਕਿ ਕੈਪਟਨ ਅਮਰਿੰਦਰ ਸਿੰਘ ਖੁਦ ਸੁਖਬੀਰ ਸਿੰਘ ਬਾਦਲ ਦੀ ਚੁਣੌਤੀ ਸਵੀਕਾਰ ਕਰ ਕੇ ਉਨਾਂ ਖਲਿਾਫ ਇਕੱਠੇ ਕੀਤੇ ਗਏ ਸਬੂਤ ਜਨਤਕ ਕਰਦੇ, ਪਰ ਉਹ ਤਾਂ ਉਲਟਾ ਬਾਦਲਾਂ ਦੇ ਗੁਨਾਹਾਂ ਨੂੰ ਢੱਕਣ ਲਈ ਪਰਦਾਪੋਸ਼ੀ ਕਰ ਰਹੇ ਹਨ।



ਬੀਰ ਦਵਿੰਦਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਨੂੰ ਚੈਲੰਜ ਕੀਤਾ ਕਿ ਜੇ ਹਿੰਮਤ ਹੈ ਤਾਂ 1 ਜੂਨ ਨੂੰ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿਚ ਆ ਜਾਵੋ, ਜਿੱਥੋਂ ਉਨਾਂ ਦੇ ਗ੍ਰਹਿ ਮੰਤਰੀ ਹੁੰਦਿਆਂ 1 ਜੂਨ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੋਰੀ ਹੋਏ ਸਨ, ਉਸ ਅਸਥਾਨ 'ਤੇ ਹੀ ਸਿੱਖ ਸੰਗਤ ਦੀ ਹਾਜ਼ਰੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਬਾਦਲਾਂ ਦੀ ਮਿਲੀ-ਭੁਗਤ ਦੇ ਸਾਰੇ ਸਬੂਤ ਦੇ ਦਿੱਤੇ ਜਾਣਗੇ।

# ਚੰਡੀਗੜ ਪ੍ਰਸ਼ਾਸਨ ਨੇ ਤੈਅ ਕੀਤਾ ਪ੍ਰਾਈਵੇਟ ਐਂਬੂਲੈਂਸਾਂ ਦਾ ਕਿਰਾਇਆ

**ਚੰਡੀਗੜ (ਦੀਪਕ ਸ਼ਰਮਾ)** ਯੂ. ਟੀ. ਪ੍ਰਸ਼ਾਸਨ ਨੇ ਮਰੀਜ਼ਾਂ ਲਈ ਪ੍ਰਾਈਵੇਟ ਐਂਬੂਲੈਂਸਾਂ ਦਾ ਕਿਰਾਇਆ ਤੈਅ ਕਰ ਦਿੱਤਾ ਹੈ, ਤਾਂ ਜੋ ਲੋਕਾਂ ਤੋਂ ਜ਼ਿਆਦਾ ਵਸੂਲੀ ਨਾ ਕੀਤੀ ਜਾ ਸਕੇ। ਡੀ. ਸੀ. ਮਨਦੀਪ ਸਿੰਘ ਬਰਾੜ ਵੱਲੋਂ ਸੋਮਵਾਰ ਰੇਟ ਤੈਅ ਕਰਨ ਦੇ ਹੁਕਮ ਜਾਰੀ ਕੀਤੇ ਗਏ। ਇਨਾਂ ਹੁਕਮਾਂ ਦੀ ਉਲੰਘਣਾ ਕਰਨ 'ਤੇ ਐਂਬੂਲੈਂਸ ਦੇ ਡਰਾਈਵਰ ਦਾ ਡਰਾਈਵਿੰਗ ਲਾਈਸੈਂਸ ਰੱਦ ਕਰਨ ਦੇ ਨਾਲ ਹੀ ਜੁਰਮਾਨਾ ਵੀ ਲਾਇਆ ਜਾ ਸਕਦਾ ਹੈ, ਜੋ ਘੱਟ ਤੋਂ ਘੱਟ 50 ਹਜ਼ਾਰ ਰੁਪਏ ਤੋਂ ਸ਼ੁਰੂ ਹੋਵੇਗਾ। ਬਿਨਾਂ ਆਕਸੀਜਨ : 2000 ਰੁਪਏ

ਆਕਸੀਜਨ ਸਹੂਲਤ ਦੇ ਨਾਲ : 2500 ਰੁਪਏ

ਵੈਂਟੀਲੇਟਰ ਦੇ ਨਾਲ : 3000 ਰੁਪਏ

ਬਿਨਾਂ ਆਕਸੀਜਨ-20 ਕਿ. ਮੀ. ਤੱਕ ਪ੍ਰਤੀ ਟਰਿੱਪ 250 ਰੁਪਏ। ਉਸ ਤੋਂ ਬਾਅਦ 10 ਰੁਪਏ ਕਿ. ਮੀ.

ਆਕਸੀਜਨ ਸਹੂਲਤ ਦੇ ਨਾਲ-20 ਕਿ. ਮੀ. ਤੱਕ ਪ੍ਰਤੀ ਟਰਿੱਪ 300 ਰੁਪਏ। ਉਸ ਤੋਂ ਬਾਅਦ 12 ਰੁਪਏ ਕਿ. ਮੀ.

ਵੈਂਟੀਲੇਟਰ ਦੇ ਨਾਲ-20 ਕਿ. ਮੀ. ਤੱਕ ਪ੍ਰਤੀ ਟਰਿੱਪ 400 ਰੁਪਏ। ਉਸ ਤੋਂ ਬਾਅਦ 15 ਰੁਪਏ ਕਿ. ਮੀ.

ਅੱਧੇ ਘੰਟੇ ਬਾਅਦ ਵੇਟਿੰਗ ਚਾਰਜਿਜ : 100 ਰੁਪਏ ਪ੍ਰਤੀ ਘੰਟਾ

ਪਲੇਨ ਏਰੀਆ

ਬਿਨਾਂ ਆਕਸੀਜਨ : 10 ਰੁਪਏ ਪ੍ਰਤੀ ਕਿ. ਮੀ.




ਆਕਸੀਜਨ ਸਹੂਲਤ ਦੇ ਨਾਲ 12 ਰੁਪਏ ਪ੍ਰਤੀ ਕਿ. ਮੀ.

ਵੈਂਟੀਲੇਟਰ ਦੇ ਨਾਲ : 15 ਰੁਪਏ ਪ੍ਰਤੀ ਕਿ. ਮੀ.

ਪਹਾੜੀ ਇਲਾਕਾ

ਬਿਨਾਂ ਆਕਸੀਜਨ : 11 ਰੁਪਏ ਪ੍ਰਤੀ ਕਿ. ਮੀ.

ਆਕਸੀਜਨ ਸਹੂਲਤ ਦੇ ਨਾਲ : 13 ਰੁਪਏ ਪ੍ਰਤੀ ਕਿ. ਮੀ.

ਵੈਂਟੀਲੇਟਰ ਦੇ ਨਾਲ : 16 ਰੁਪਏ ਪ੍ਰਤੀ ਕਿ. ਮੀ

# ਚੰਨੀ ਮਾਮਲੇ ' 'ਚ ਕਾਂਗਰਸ ਦੇ ਦਿੱਗਜ ਆਗੂਆਂ ਦਾ ਵੱਡਾ ਬਿਆਨ ਆਇਆ ਸਾਹਮਣੇ

**ਚੰਡੀਗੜ (ਦੀਪਕ ਸ਼ਰਮਾ)** ਪੰਜਾਬ ਦੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਮਹਿਲਾ ਅਫਸਰ ਨੂੰ ਭੇਜੇ ਗਏ ਇਤਰਾਜਯੋਗ ਮੈਸਜ ਦਾ ਮਾਮਲਾ ਮੁੜ ਤੂਲ ਫੜਦਾ ਜਾ ਰਿਹਾ ਹੈ। ਅਜਿਹੇ 'ਚ ਕਾਂਗਰਸ ਦੇ ਦਿੱਗਜ ਆਗੂਆਂ ਦਾ ਬਿਆਨ ਸਾਹਮਣੇ ਆਇਆ ਹੈ। ਇਨਾਂ ਆਗੂਆਂ ਦਾ ਕਹਿਣਾ ਹੈ ਕਿ ਘਰ ਦਾ ਮਾਮਲਾ ਘਰ 'ਚ ਹੀ ਸੁਲਝਾਇਆ ਜਾਣਾ ਚਾਹੀਦਾ ਹੈ। ਆਗੂਆਂ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਅਤੇ ਅਜਿਹੇ 'ਚ ਜੇਕਰ ਇੰਝ ਹੀ ਇਹ ਮਾਮਲਾ ਜੋਰ ਫੜਦਾ ਗਿਆ ਤਾਂ ਕਾਂਗਰਸ ਪਾਰਟੀ 'ਤੇ ਇਸ ਦਾ ਬੁਰਾ ਪ੍ਰਭਾਵ ਪੈ ਸਕਦਾ ਹੈ। ਜਕਿਰਯੋਗ ਹੈ ਕਿ ਪੰਜਾਬ ਸਟੇਟ ਵੂਮੈਨ ਕਮਿਸ਼ਨ ਦੀ ਚੇਅਰਪਰਸਨ ਮੁਨੀਸ਼ਾ ਗੁਲਾਟੀ ਨੇ ਐਲਾਨ ਕਰ ਦਿੱਤਾ ਹੈ ਕਿ ਜੇਕਰ ਸਰਕਾਰ ਨੇ ਮਹਿਲਾ ਅਧਿਕਾਰੀ ਨਾਲ ਹੋਈ ਘਟਨਾ 'ਤੇ ਅਗਲੇ ਹਫਤੇ ਅੰਦਰ ਜਵਾਬ ਨਾ ਦਿੱਤਾ ਤਾਂ ਉਹ ਭੁੱਖ-ਹੜਤਾਲ 'ਤੇ ਬੈਠ ਜਾਣਗੇ। ਅਜਿਹੇ 'ਚ ਕਾਂਗਰਸੀ ਆਗੂਆਂ ਵੱਲੋਂ ਘਰ ਦੇ ਮਸਲੇ ਨੂੰ ਘਰ 'ਚ ਹੀ ਸੁਲਝਾਉਣ ਦੀ ਗੱਲ ਕਹੀ ਗਈ ਹੈ। ਇਨਾਂ ਕਾਂਗਰਸੀ ਆਗੂਆਂ 'ਚ ਪੰਜਾਬ ਕਾਂਗਰਸ ਦੇ ਪ੍ਰਭਾਰੀ ਹਰੀਸ਼ ਰਾਵਤ, ਰਾਜਾ ਵੜਿੰਗ, ਸੁਨੀਲ ਜਾਖੜ ਅਤੇ ਹੋਰ ਸ਼ਾਮਲ ਸਨ।



ਜਕਿਰਯੋਗ ਹੈ ਕਿ ਕੁੱਝ ਸਮਾਂ ਪਹਿਲਾਂ ਹੀ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਅਤੇ ਤਕਨੀਕ ਸਿੱਖਿਆ ਵਿਭਾਗ ਦੇ ਕੈਬਨਿਟ ਮੰਤਰੀ ਚੰਨੀ ਦੇ ਵਿਭਾਗ 'ਚ ਤਾਇਨਾਤ ਇਕ ਸੀਨੀਅਰ ਆਈ. ਏ. ਐੱਸ. ਅਧਿਕਾਰੀ ਨੇ ਇਹ ਮਾਮਲਾ ਮੁੱਖ ਮੰਤਰੀ ਦੇ ਸਾਹਮਣੇ ਚੁੱਕਿਆ ਸੀ ਕਿ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਉਨਾਂ ਨੂੰ ਇਤਰਾਜਯੋਗ ਮੈਸੇਜ ਭੇਜਿਆ ਹੈ। ਉਸ ਸਮੇਂ ਇਹ ਮਾਮਲਾ ਮੀਡੀਆ ਦੀਆਂ ਸੁਰਖੀਆਂ ਬਣਿਆ ਸੀ। ਚੁਫੇਰਿਓਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਦਬਾਅ ਸੀ ਕਿ ਮੰਤਰੀ ਚੰਨੀ ਨੂੰ ਕੈਬਨਿਟ ਤੋਂ ਬਰਖਾਸਤ ਕੀਤਾ ਜਾਵੇ। ਇਹ ਮਾਮਲਾ ਅਜੇ ਵੀ ਪੈਂਡਿੰਗ ਚੱਲ ਰਿਹਾ ਹੈ। ਹੁਣ ਜਿਵੇਂ ਹੀ ਬੀਬੀਆਂ ਨਾਲ ਸਬੰਧਿਤ ਮਾਮਲੇ 'ਚ ਕਰਨਾਟਕ ਅਤੇ ਮਹਾਰਾਸ਼ਟਰ ਦੀਆਂ ਸਰਕਾਰਾਂ ਨੇ ਸਖਤ ਐਕਸ਼ਨ ਲੈਂਦੇ ਹੋਏ ਆਪਣੇ ਮੰਤਰੀਆਂ ਤੋਂ ਅਸਤੀਫੇ ਲੈ ਲਏ ਹਨ, ਅਜਿਹੇ 'ਚ ਪੰਜਾਬ ਦੀ ਅਫਸਰਸ਼ਾਹੀ ਇਸ ਮਾਮਲੇ 'ਚ ਇਕ ਵਾਰ ਫਿਰ ਤੋਂ ਸਰਗਰਮ ਹੋ ਗਈ ਹੈ।

# ਪਿੰਡਾਂ ਅੰਦਰ ਕੋਵਿਡ ਦੀ ਰੋਕਥਾਮ ਲਈ 15 ਦਿਨਾ ਮੁਹਿੰਮ ਅੱਜ ਤੋਂ-ਡਿਪਟੀ ਕਮਿਸ਼ਨਰ

## ਡਿਪਟੀ ਕਮਿਸ਼ਨਰ ਤੇ ਐਸ. ਐਸ. ਪੀ. ਵਲੋਂ ਸਰਪੰਚਾਂ, ਪੰਚਾਂ ਨਾਲ ਆਨਲਾਇਨ ਮੀਟਿੰਗ

**ਕਪੂਰਥਲਾ।**ਕੋਵਿਡ ਵਾਇਰਸ ਨੂੰ ਪਿੰਡਾਂ ਅੰਦਰ ਹੋਰ ਫੈਲਣ ਤੋਂ ਰੋਕਣ ਦੇ ਮਕਸਦ ਨਾਲ ਸਿਵਲ ਤੇ ਪੁਲਿਸ ਪ੍ਰਸ਼ਾਸ਼ਨ ਵਲੋਂ ਹਰ ਪਿੰਡ ਅੰਦਰ ਟੈਸਟਿੰਗ ਵਿਚ ਤੇਜੀ ਲਈ 15 ਦਿਨਾ ਮੁਹਿੰਮ ਦੀ ਕੱਲ੍ਹ ਤੋਂ ਸ਼ੁਰੂਆਤ ਕੀਤੀ ਜਾ ਰਹੀ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ ਕਪੂਰਥਲਾ ਸ਼੍ਰੀਮਤੀ ਦੀਪਤੀ ਉੱਪਲ ਤੇ ਐਸ.ਐਸ.ਪੀ. ਕਪੂਰਥਲਾ ਸ਼੍ਰੀਮਤੀ ਕੰਵਰਦੀਪ ਕੌਰ ਵਲੋਂ ਸਰਪੰਚਾਂ ,ਪੰਚਾਂ ਤੇ ਹੋਰ ਚੁਣੇ ਹੋਏ ਨੁਮਾਇੰਦਿਆਂ ਨਾਲ ਆਨਲ-ਾਇਨ ਮੀਟਿੰਗ ਕਰਕੇ ਇਸ ਮੁਹਿੰਮ ਨੂੰ ਸਫਲ ਕਰਨ ਲਈ ਯੋਜਨਾਬੰਦੀ ਕੀਤੀ ਗਈ। ਡਿਪਟੀ ਕਮਿਸ਼ਨਰ ਸ੍ਰੀਮਤੀ ਦੀਪਤੀ ਉੱਪਲ ਵਲੋਂ ਅੱਜ ਡੀ.ਪੀ.ਆਰ.ਓ. ਕਪੂਰਥਲਾ ਦੇ ਹਫਤਾਵਾਰੀ ਫੇਸਬੁੱਕ ਸ਼ੈਸ਼ਨ ਦੌਰਾਨ ਲੋਕਾਂ ਦੇ ਮੁਖਾਤਿਬ ਹੁੰਦਿਆਂ ਕਿਹਾ ਗਿਆ ਕਿ ਪਿੰਡਾਂ ਅੰਦਰ ਉੱਚ ਮੌਤ ਦਰ ਵੱਡੀ ਚਿੰਤਾ ਦਾ ਵਿਸ਼ਾ ਹੈ ਜਿਸਦਾ ਮੁੱਖ ਕਾਰਨ ਲੋਕਾਂ ਵਲੋਂ ਕੋਵਿਡ ਦੇ ਸ਼ੁਰੂਆਤ ਲੱਛਣ ਆਉਣ 'ਤੇ ਨੇੜਲੇ ਅਣਅਧਿਕਾਰਤ ਡਾਕਟਰਾਂ ਕੋਲੋਂ ਇਲਾਜ ਕਰਵਾਉਣਾ ਤੇ ਸਮੇਂ ਸਿਰ ਕੋਵਿਡ ਟੈਸਟ ਨਾ ਕਰਵਾਉਣਾ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਅੰਦਰ ਤੇਜੀ ਨਾਲ ਟੈਸਟਿੰਗ ਲਈ ਸਰਪੰਚਾਂ ਵਲੋਂ ਦਿੱਤੇ ਸ਼ਡਿਊਲ ਅਨੁਸਾਰ ਹੀ ਉਸ ਪਿੰਡ ਵਿਚ ਟੈਸਟਿੰਗ ਕੀਤੀ ਜਾਵੇਗੀ ਤਾਂ ਜੋ ਲੋਕ ਵੱਧ ਤੋਂ ਵੱਧ ਟੈਸਟ ਕਰਵਾ ਸਕਣ। ਉਨ੍ਹਾਂ ਕਿਹਾ ਕਿ ਜਿਲ੍ਹੇ ਅੰਦਰ ਪਾਜਟਿਵਟੀ ਦਰ ਅਜੇ ਵੀ 7 ਤੋਂ 8 ਫੀਸਦੀ ਹੈ, ਜਿਸਨੂੰ ਠੱਲ੍ਹ ਪਾਉਣ ਲਈ ਟੈਸਟਿੰਗ ਤੇ ਸਮੇਂ ਸਿਰ ਇਲਾਜ ਸਭ ਤੋਂ ਅਹਿਮ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵਾਂਗ ਲੋਕ ਹੁਣ ਵੀ ਪਿੰਡਾਂ ਵਿਚ ਠੀਕਰੀ ਪਹਿਰੇ ਲਾਉਣ ਤੇ ਪਿੰਡ ਵਿਚ ਆਉਣ ਵਾਲੇ ਹਰ ਬਾਹਰੀ ਵਿਅਕਤੀ ਦਾ ਰਿਕਾਰਡ ਰੱਖਿਆ ਜਾਵੇ। ਉਨ੍ਹਾਂ ਵੈਕਸੀਨੇਸ਼ਨ ਬਾਰੇ ਗੱਲ ਕਰਦਿਆਂ ਕਿਹਾ ਕਿ 18 ਤੋਂ 44 ਸਾਲ ਵਾਲੇ ਗੰਭੀਰ ਬਿਮਾਰੀਆਂ ਵਾਲੇ ਲੋਕਾਂ, ਕੰਸਟਰਕਸ਼ਨ ਬੋਰਡ ਕੋਲ ਰਜਿਸਟਰਡ ਕਾਮਿਆਂ ਤੋਂ ਇਲਾਵਾ ਸਿਹਤ ਵਰਕਰਾਂ ਦੇ ਪਰਿਵਾਰਾਂ ਨੂੰ ਵੀ ਵੈਕਸੀਨ ਲਗਾਈ ਜਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਿਹਤ ਮਾਹਿਰਾਂ ਅਨੁਸਾਰ ਕੋਵੀਸ਼ੀਲਡ ਵੈਕਸੀਨ ਦੀ ਦੂਜੀ ਡੋਜ਼ ਹੁਣ 12 ਤੋਂ 16 ਹਫਤੇ ਦੇ ਵਕਫੇ ਅਨੁਸਾਰ ਲੱਗੇਗੀ, ਜਿਸ ਲਈ ਲੋਕ ਹੁਣ ਨਵੇਂ ਅੰਤਰਾਲ ਅਨੁਸਾਰ ਵੈਕਸੀਨੇਸ਼ਨ ਲਗਵਾਉਣ। ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਲੋਕਾਂ ਦੀ ਸਹੂਲਤ ਲਈ ਜਿਲ੍ਹਾ ਪ੍ਰਸ਼ਾਸ਼ਨ ਵਲੋਂ 'ਵਟਸ ਐਪ ਹੈਲਪਲਾਇਨ 88400-35192 ਵੀ ਜਾਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਲੋਕ ਲੋੜ ਪੈਣ 'ਤੇ ਇਸ ਵਟਸਐਪ ਹੈਲਪਲਾਇਨ ਉੱਪਰ ਵੀ ਸੰਪਰਕ ਕਰ ਸਕਦੇ ਹਨ।



# ਨਗਰ ਕੌਂਸਲ ਸਥਿਤ ਬਣਿਆ ਪਾਰਕ ਹਰ ਸਹੂਲਤਾਂ ਖੁਣੋ ਸੱਖਣਾ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਫਿਰੋਜ਼ਪੁਰ ਸ਼ਹਿਰ ਦੇ ਨਗਰ ਕੌਂਸਲ ਦਫਤਰ ਦੇ ਬਿਲਕੁਲ ਨਾਲ ਲਗਦਾ ਪਾਰਕ ਹਰ ਪੱਖੋਂ ਸੱਖਣਾ ਨਜਰ ਆਇਆ । ਜੇਕਰ ਗੱਲ ਕੀਤੀ ਜਾਵੇ ਇਸ ਦੇ ਅੰਦਰ ਸਾਫ ਸਫਾਈ ਦੀ ਜਿਸ ਦਾ ਕੇ ਹਰ ਪਾਸੋਂ ਬੁਰਾ ਹਾਲ ਹੈ ਪੌਦਿਆਂ ਨੂੰ ਸਪੋਰਟਸ ਦੇਣ ਲਈ ਲੋਹੇ ਦੇ ਬਣਾਏ ਜਾਲ ਨੂੰ ਲੋਕ ਬਣਾ ਰਹੇ ਨੇ ਡਸਟਬਿਨ ਜੇਕਰ ਗੱਲ ਕੀਤੀ ਜਾਵੇ ਉਥੇ ਲੱਗੇ ਝੂਲਿਆ ਦੀਆਂ ਤਾਂ ਉਹਨਾਂ ਦੀ ਹਾਲਤ ਵੀ ਬੜੀ ਤਰਸਯੋਗ ਬਣੀ ਇੰਝ ਲਗਦਾ ਜਿਵੇ ਉਹਨਾਂ ਦੀ ਬੁਨਿਆਦ ਵੀ ਖਤਮ ਦੇ ਕਿਨਾਰੇ ਹੈ। ਇਸ ਬਾਰੇ ਸੈਰ ਕਰਨ ਆਏ ਬਜ਼ੁਰਗਾਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਹਰ ਸਾਇਡ ਤੋ ਬੁਰਾ ਹਾਲ ਹੈ ਪਾਰਕ ਦਾ ਉਹ ਚਾਹੇ ਸਫਾਈ ਨੂੰ ਲੈ ਲੋ ਜਾਂ ਝੂਲਿਆ ਨੂੰ ਇਥੋਂ ਤੱਕ ਕੇ ਇਥੋਂ ਦੇ ਬਾਥਰੂਮਾਂ ਦੀ ਹਾਲਤ ਬੜੀ ਖਸਤਾ ਹਾਲਤ ਵਿੱਚ ਹੈ। ਇਹਨਾਂ ਸਹੂਲਤਾਂ ਦੀ ਘਾਟ ਨੂੰ ਲੈ ਫਿਰੋਜ਼ਪੁਰ ਨਿਵਾਸੀਆਂ ਵਿੱਚ ਪਾਈ ਜਾ ਰਹੀ ਹੈ ਨਿਰਾਸ਼ਾ। ਸਿਵਲ ਪ੍ਰਸ਼ਾਸਨ ਦਾ ਇਸ ਵੱਲ ਧਿਆਨ ਨਾ ਹੋ ਕੇ ਪ੍ਰਸ਼ਾਸਨ ਸੋ ਰਿਹਾ ਕੁੰਭਕਰਨੀ ਨੀਂਦ ਜਦੋ ਇਸ ਬਾਬਤ ਨਗਰ ਕੌਂਸਲ ਪ੍ਰਧਾਨ ਰਿੰਕੂ ਗਰੋਵਰ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਇਹ ਮਾਮਲਾ ਹੁਣੇ ਤੁਸੀਂ ਹੀ ਮੇਰੇ ਧਿਆਨ ਵਿੱਚ ਲਿਆਂਦਾ ਹੈ। ਮੈ ਦੋ ਤਿੰਨ ਦਿਨ ਵਿੱਚ ਹੀ ਪਾਰਕ ਵਿੱਚ ਹੋਣ ਵਾਲੀ ਖਾਮੀਆਂ ਨੂੰ ਦੂਰ ਕਰਾਂਗਾ।



# ਸ਼ਟਰ ਦੀ ਚੋਰ ਮੋਰੀ ਰਾਹੀ ਬੜੇ ਧੜੱਲੇ ਨਾਲ ਵਿਕ ਰਹੀ ਹੈ ਸ਼ਰਾਬ




**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਜਿੱਥੇ ਪੂਰਾ ਭਾਰਤ ਕਾਰੋਨਾ ਮਹਾਂਮਾਰੀ ਨਾਲ ਜੂਝ ਰਿਹਾ ਹੈ। ਉਥੇ ਹੀ ਸ਼ਰਾਬ ਦੇ ਵਪਾਰੀ ਬੜੇ ਧੜੱਲੇ ਨਾਲ ਸ਼ਰਾਬ ਵੇਚ ਕੇ ਆਪਣੀ ਚਾਂਦੀ ਬਣਾ ਰਹੇ ਹਨ। ਸਰਕਾਰ ਵਲੋਂ ਜਾਰੀ ਹਦਾਇਤਾਂ ਨੂੰ ਟਿੱਚ ਸਮਝ ਕੇ ਆਪਣੇ ਠੇਕੇ ਦੀਆਂ ਦੁਕਾਨਾਂ ਦੇ ਛੱਟਰਾਂ ਵਿਚੋਂ ਦੀ ਚੋਰ ਮੋਰੀ ਰੱਖ ਕੇ ਪੁਲਿਸ ਦੇ ਡਰ ਤੋ ਬੇਖੌਫ ਹੋ ਕੇ ਧੜੱਲੇ ਨਾਲ ਸ਼ਰਾਬ ਦੀ ਵਿਕਰੀ ਕਰ ਰਹੇ ਹਨ। ਤਾਜਾ ਹੀ ਮਾਮਲਾ ਚੌਕ ਬਾਬਾ ਨਾਮਦੇਵ ਸਥਿਤ ਸ਼ਰਾਬ ਦੇ ਠੇਕੇ ਦਾ ਹੈ ਜਿਥੇ ਕਿ ਦੁਕਾਨ ਦੇ ਸ਼ਟਰ ਵਿਚੋਂ ਦੀ ਚੋਰ ਮੋਰੀ ਰੱਖੀ ਹੋਈ ਹੈ। ਸ਼ਰਾਬ ਠੇਕੇਦਾਰ ਵਲੋਂ ਆਪਣਾ ਇੱਕ ਆਦਮੀ ਠੇਕੇ ਦੇ ਅੰਦਰ ਬਿਠਾਇਆ ਹੋਇਆ ਤੇ ਇੱਕ ਆਦਮੀ ਬਾਹਰੋ ਪੈਸੇ ਫੜ ਕੇ ਆਪਣੇ ਮੋਬਾਇਲ ਤੋ ਸ਼ਰਾਬ ਲਈ ਆਰਡਰ ਕਰਦਾ ਹੈ ਤੇ ਅੰਦਰ ਬੈਠਾ ਆਦਮੀ ਚੋਰ ਮੋਰੀ ਰਾਹੀ ਸ਼ਰਾਬ ਡਲੀਵਰ ਕਰਦਾ ਹੈ। ਬੜੀ ਹੈਰਾਨੀ ਦੀ ਗੱਲ ਹੈ ਇਹ ਹੈ ਕਿ ਇਸ ਚੌਕ ਵਿੱਚ ਪੁਲਿਸ ਵਲੋਂ ਬੜਾ ਸਖਤ ਪਹਿਰਾ ਲੱਗਿਆ ਹੋਇਆ ਹੈ ਪਰ ਇਸ ਸਾਰੇ ਮਾਮਲੇ ਨੂੰ ਮੂਕ ਦਰਸ਼ਕ ਬਣ ਕੇ ਸਾਰੇ ਹੀ ਪੁਲਿਸ ਮੁਲਾਜ਼ਮ ਦੇਖਦੇ ਰਹਿੰਦੇ ਹਨ।

# ਮਿਲੀਭੁਗਤ ਨਾਲ ਚੱਲ ਰਿਹਾ ਸਿਵਲ ਹਸਪਤਾਲ ਸਥਿਤ ਕਾਰੋਨਾ ਵਾਰਡ ਵਿੱਚ ਖਾਣੇ ਦਾ ਕਾਰੋਬਾਰ




**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਕੋਵਿਡ-19 ਦਾ ਪ੍ਰਕੋਪ ਦਿਨੋ ਦਿਨ ਪਾਣੀ ਵਾਂਗੂੰ ਫੈਲ ਰਿਹਾ ਹੈ ਇਸ ਦੇ ਮੱਦੇਨਜ਼ਰ ਸੂਬਾ ਸਰਕਾਰਾਂ ਵਲੋਂ ਦਿਲ ਖੋਲ ਕੇ ਕੋਵਿਡ-19 ਦੀ ਰੋਕਥਾਮ ਲਈ ਫੰਡ ਦਿੱਤੇ ਜਾ ਰਹੇ ਹਨ ਪਰ ਇਹਨਾਂ ਫੰਡਾਂ ਦੀ ਦੁਰਵਰਤੋਂ ਕਰਨ ਵਿੱਚ ਸਰਕਾਰੀ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਅਜਿਹਾ ਹੀ ਇੱਕ ਮਾਮਲਾ ਸਿਵਲ ਹਸਪਤਾਲ ਫਿਰੋਜ਼ਪੁਰ ਦਾ ਸਾਹਮਣਾ ਆਇਆ ਹੈ। ਜਿੱਥੇ ਕਿ ਬਿਨਾਂ ਟੈਂਡਰ ਤੋਂ ਹੀ ਕਾਰੋਨਾ ਪਾਸਟਿਵ ਮਰੀਜਾਂ ਨੂੰ ਮਹਿੰਗੇ ਮੁੱਲ ਤੇ ਖਾਣਾ ਦੇ ਕੇ ਸ਼ਰੇਆਮ ਸਰਕਾਰੀ ਖਜਾਨੇ ਦੀ ਲੁੱਟ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾ-ਬਕ ਕਾਰੋਨਾ ਪਾਸਟਿਵ ਮਰੀਜ ਜੋ ਕਿ ਸਿਵਲ ਹਸਪਤਾਲ ਫਿਰੋਜ਼ਪੁਰ ਵਿਚ ਦਾਖਿਲ ਹਨ ਉਹਨਾਂ ਨੂੰ ਸਰਕਾਰ ਵਲੋਂ ਤਿੰਨ ਟਾਇਮ ਦਾ ਖਾਣਾ ਫਰੀ ਦੇਣਾ ਸਿਵਲ ਹਸਪਤਾਲ ਦੀ ਡਿਊਟੀ ਹੈ ਤੇ ਸਿਵਲ ਪ੍ਰਸ਼ਾਸਨ ਵਲੋਂ ਇਸ ਕੰਮ ਲਈ ਇੱਕ ਟੈਂਡਰਕਾਰ ਨੂੰ ਟੈਂਡਰ ਦਿੱਤਾ ਜਾਂਦਾ ਹੈ। ਪਰ ਇਸ ਮਾਮਲੇ ਵਿੱਚ ਆਪਣੇ ਆਪ ਨੂੰ ਠੇਕੇਦਾਰ ਕਹਿਣ ਵਾਲੇ ਕੋਲ ਟੈਂਡਰ ਦਾ ਕੋਈ ਵੀ ਦਸਤਾਵੇਜ਼ ਨਹੀ ਹੈ ਤੇ ਉਹ ਉਚ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਪਰ ਮਰੀਜ 250 ਰੁਪਏ ਦੇ ਹਿਸਾਬ ਨਾਲ ਖਾਣਾ ਦੇ ਕੇ ਸ਼ਰੇਆਮ ਸਰਕਾਰੀ ਖਜਾਨੇ ਨੂੰ ਲੁੱਟ ਰਿਹਾ ਹੈ। ਇਕ ਗੱਲ ਦੀ ਬੜੀ ਹੈਰਾਨੀ ਹੈ ਕਿ ਗਾਇਨੀ ਵਾਰਡ ਵਿੱਚ ਜਨੇਪੇ ਲਈ ਦਾਖਿਲ ਮਰੀਜਾਂ ਨੂੰ ਵੀ ਸਰਕਾਰ ਵਲੋਂ ਖਾਣਾ ਫਰੀ ਮੁਹੱਈਆ ਕਰਵਾਇਆ ਜਾਂਦਾ ਹੈ ਜਿਸ ਦਾ ਕਿ ਸਰਕਾਰ ਵਲੋਂ ਟੈਂਡਰ ਦਿੱਤਾ ਹੋਇਆ ਹੈ ਟੈਂਡਰ ਦੇ ਹਿਸਾਬ ਨਾਲ ਤਿੰਨ ਟਾਇਮ ਦਾ ਖਾਣਾ 100 ਰੁਪਏ ਵਿੱਚ ਟੈਂਡਰਕਾਰ ਵਲੋਂ ਦਿੱਤਾ ਜਾ ਰਿਹਾ ਹੈ ਜੇਕਰ ਗਾਇਨੀ ਵਾਰਡ ਵਿੱਚ 100 ਰੁਪਏ ਤਿੰਨ ਟਾਇਮ ਖਾਣੇ ਦੇ ਲਏ ਜਾ ਰਹੇ ਹਨ ਫਿਰ ਕਾਰੋਨਾ ਵਾਰਡ ਵਿੱਚ ਇਹੋ ਜਿਹਾ ਕਿਹੜਾ ਖਾਣਾ ਪਰੋਸਿਆ ਜਾਂਦਾ ਹੈ ਜਿਸਦੇ ਕਿ 250 ਰੁਪਏ ਵਸੂਲੇ ਜਾ ਰਹੇ ਹਨ। ਜੇਕਰ ਇਸ ਬਾਰੇ ਕਾਰੋਨਾ ਵਾਰਡ ਦੇ ਅਧਿਕਾਰੀ ਡਾ ਅਮਿਤ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਇਸ ਬਾਰੇ ਜੋ ਕੁੱਝ ਵੀ ਪੁੱਛਣਾ ਹੈ ਤੁਸੀਂ ਐਸ ਐਮ ਉ ਸਾਹਿਬ ਨਾਲ ਗੱਲ ਕਰ ਸਕਦੇ ਹੋ ਬਲਕਿ ਖਾਣੇ ਲਈ ਜੋ ਬਿੱਲ ਬਣਦਾ ਹੈ ਉਸ ਉੱਤੇ ਬਕਾਇਦਾ ਕਾਰੋਨਾ ਵਾਰਡ ਦੇ ਅਧਿਕਾਰੀ ਦੇ ਵੀ ਦਸਤਖਤ ਹੁੰਦੇ ਹਨ ਇਸ ਬਾਰੇ ਜਦੋ ਮੌਕੇ ਦੇ ਐਸ ਐਮ ਓ ਡਾ ਗੁਰਮੇਜ ਗੁਰਾਇਆ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਇਹ ਕਹਿ ਕਿ ਟਾਲ ਦਿੱਤਾ ਕਿ ਇਸ ਦਾ ਲੇਖਾ ਜੋਖਾ ਡਾ ਮੀਨਾਕਸ਼ੀ ਜੀ ਕੋਲ ਹੁੰਦਾ ਹੈ ਜਦੋ ਡਾ ਮੀਨਾਕਸ਼ੀ ਨਾਲ ਫੋਨ ਤੇ ਇਸ ਬਾਰੇ ਗੱਲ ਕੀਤੀ ਗਈ ਤਾਂ ਉਨ੍ਹਾਂ ਆਪਣਾ ਪੱਲਾ ਝਾੜਦੇ ਹੋਏ ਇਹ ਕਿਹਾ ਕਿ ਕਾਰੋਨਾ ਵਾਰਡ ਸੰਬੰਧੀ ਜੋ ਵੀ ਦੇਖ ਰੇਖ ਹੁੰਦੀ ਹੈ ਉਹ ਮੌਜੂਦਾ ਐਸ ਐਮ ਉ ਦੇ ਧਿਆਨ ਵਿੱਚ ਹੁੰਦੀ ਹੈ ਮੈਨੂੰ ਜੋ ਵੀ ਐਸ ਐਮ ਉ ਯੈਸ ਕਰਕੇ ਭੇਜ ਦੇਣ ਮੇਰਾ ਜਵਾਬ ਹਾਂ ਚ ਹੀ ਹੁੰਦਾ ਹੈ। ਜੇਕਰ ਇਸ ਮਾਮਲੇ ਸੰਬੰਧੀ ਸਿਵਲ ਸਰਜਨ ਮੈਡਮ ਰਜਿੰਦਰ ਰਾਜ ਨਾਲ ਫੋਨ ਤੇ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਵੀ ਇਹ ਗੱਲ ਕਹਿ ਕੇ ਪੱਲਾ ਝਾੜ ਦਿੱਤਾ ਕਿ ਇਸ ਸੰਬੰਧੀ ਜੋ ਵੀ ਜਾਣਕਾਰੀ ਹੈ ਉਹ ਅਡੀਸ਼ਨਲ ਡਿਪਟੀ ਕਮਿਸ਼ਨਰ (ਜ) ਦੇਣਗੇ। ਇੱਕ ਗੱਲ ਦੀ ਬੜੀ ਹੈਰਾਨੀ ਹੈ ਕਾਰੋਨਾ ਵਾਰਡ ਵਿੱਚ ਖਾਣਾ ਦੇਣ ਵਾਲੇ ਵਿਅਕਤੀ ਨਾਲ ਗੱਲ ਕੀਤੀ ਗਈ ਤਾਂ ਉਸਦਾ ਇਹ ਕਹਿਣਾ ਸੀ ਕਿ ਮੈ ਹਰ ਰੋਜ 5 ਵਾਰ ਡਾਇਟ ਦਿੰਦਾ ਹਾਂ ਜਦ ਇਸ ਬਾਰੇ ਪਤਾ ਕੀਤਾ ਗਿਆ ਤਾਂ ਇੱਕ ਟਾਇਮ ਦਾ ਬਰੇਕਫਾਸਟ ਵੀ ਮਰੀਜਾਂ ਨੂੰ ਨਹੀ ਪਹੁੰਚਿਆ ਨਾ ਪਹੁੰਚਣ ਦੇ ਕਾਰਨ ਬਾਰੇ ਜੇਕਰ ਖਾਣਾ ਦੇਣ ਵਾਲੇ ਤੋਂ ਪੁੱਛਿਆ ਗਿਆ ਤਾਂ ਉਸ ਨੇ ਇਹ ਕਿਹਾ ਕਿ ਮੇਰੇ ਦੁਆਰਾ ਭੇਜੇ ਗਏ ਬਿੱਲ ਜੋ ਕੁੱਝ ਕੁ ਤਾਂ ਸਿਵਲ ਹਸਪਤਾਲ ਵਲੋਂ ਕੱਢ ਦਿੱਤੇ ਗਏ ਸੀ ਤੇ ਕੁੱਝ ਕੁ ਬਿੱਲ ਹਜੇ ਵੀ ਦਫਤਰ ਵਿੱਚ ਪੈਂਡਿੰਗ ਪਏ ਹਨ। ਜਦੋਂ ਖਾਣੇ ਬਾਰੇ ਦਾਖਿਲ ਮਰੀਜਾਂ ਦੇ ਰਿਸ਼ਤੇਦਾਰਾਂ ਤੋਂ ਪੁੱਛਿਆ ਗਿਆ ਤਾਂ ਉਹਨਾਂ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਵਿੱਚ ਦੱਸਿਆ ਕਿ ਤਿੰਨ ਦਿਨ ਤੋਂ ਸਾਡਾ ਮਰੀਜ ਦਾਖਿਲ ਹੈ ਤੇ ਉਸ ਦਿਨ ਤੋ ਹੀ ਤਿੰਨ ਟਾਇਮ ਦਾ ਖਾਣਾ ਅਸੀ ਆਪਣੇ ਘਰ ਤੋ ਲਿਆ ਕੇ ਮਰੀਜ ਨੂੰ ਦੇ ਰਹੇ ਹਾਂ ਫਿਰ ਖਾਣੇ ਦਾ ਬਿੱਲ ਕਿਵੇ ਪਾਸ ਹੋ ਗਏ। ਹੁਣ ਦੇਖਣਾ ਇਹ ਹੋਵੇਗਾ ਕਿ ਬਗੈਰ ਟੈਂਡਰ ਖਾਣੇ ਦੇ ਬਿੱਲ ਜੋ ਸਿਵਲ ਹਸਪਤਾਲ ਦੇ ਖਾਤੇ ਵਿਚੋਂ ਕੱਢੇ ਗਏ ਹਨ ਉਹ ਕੀ ਦੇਖ ਕੇ ਕੱਢੇ ਗਏ ਹਨ ਤੇ ਪੈਂਡਿੰਗ ਵਾਲੇ ਬਿੱਲ ਕਿਉ ਪੈਂਡਿੰਗ ਪਏ ਹਨ। ਹੁਣ ਦੇਖੋ ਬਗੈਰ ਟੈਂਡਰ ਤੋ ਮਹਿੰਗੇ ਮੁੱਲ ਤੇ ਖਾਣਾ ਦੇਣ ਵਾਲੇ ਵਿਅਕਤੀਆਂ ਖਿਲਾਫ ਕੋਈ ਕਾਰਵਾਈ ਹੁੰਦੀ ਹੈ ਜਾਂ ਮਿਲੀਭੁਗਤ ਨਾਲ ਇਸ ਮਾਮਲੇ ਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ ਜਾਵੇਗਾ।

# ਸ਼ਹਿਰ ਅੰਦਰ ਲੋਕਾਂ ਦਾ ਆਉਣਾ ਜਾਣਾ ਹੋਇਆ ਬੰਦ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਕਾਰੋਨਾ ਮਹਾਂਮਾਰੀ ਦੇ ਵੱਧ ਰਹੇ ਬੇਤਹਾਸ਼ਾ ਕੇਸਾਂ ਅਤੇ ਹੋ ਰਹੀਆਂ ਮੌਤਾਂ ਦੇ ਵਾਧੇ ਨੂੰ ਦੇਖਦਿਆਂ ਪੁਲਿਸ ਪ੍ਰਸ਼ਾਸ਼ਨ ਫਿਰੋਜ਼ਪੁਰ ਨੇ ਹਰਕਤ ਚ ਆਉਂਦਿਆਂ ਫ਼ਿਰੋਜ਼ਪੁਰ ਸ਼ਹਿਰ ਅੰਦਰ ਲੋਕਾਂ ਦੀ ਆਵਾਜਾਈ ਤੇ ਰੋਕ ਲਗਾ ਦਿੱਤੀ ਹੈ ।ਪੁਲਿਸ ਦਾ ਕਹਿਣਾ ਹੈ ਕਿ ਦੁਪਹਿਰੇ 2 ਵਜੇ ਤੋਂ ਬੰਦ ਦੌਰਾਨ ਲੋਕ ਆਮ ਹੀ ਸੜਕਾਂ ਤੇ ਘੁੰਮਦੇ ਰਹਿੰਦੇ ਹਨ।ਫ਼ਿਰੋਜ਼ਪੁਰ ਵਿਖੇ ਨਾਕਾਬੰਦੀ ਦੌਰਾਨ ਐਸ ਐਚ ਉ ਮਨੋਜ ਕੁਮਾਰ ਨੇ ਕਿਹਾ ਕਿ ਕਰੋਨਾ ਮਾਂਹਮਾਰੀ ਦੀ ਬਿਮਾਰੀ ਬਹੁਤ ਜਿਆਦਾ ਵੱਧ ਗਈ ਹੈ ਜਿਸ ਦੌਰਾਨ ਲੋਕਾਂ ਦੇ ਲੋੜੀਂਦਾ ਸਮਾਂਨ ਲੈਣ ਲਈ 10 ਵਜੇ ਤੋਂ 2 ਵਜੇ ਤੱਕ ਸਾਰਾ ਬਜ਼ਾਰ ਖੋਲਣ ਦੀ ਹਦਾਇਤ ਹੈ, ਪਰ ਲੋਕ ਬਿਨਾਂ ਕਿਸੇ ਕੰਮ ਦੇ ਸੜਕਾਂ ਤੇ ਘੁੰਮਦੇ ਰਹਿੰਦੇ ਹਨ ਜਿਸ ਨੂੰ ਲੈਕੇ ਸਖਤੀ ਕਰਦਿਆਂ ਸ਼ਹਿਰ ਨੂੰ ਜਾਣ ਵਾਲੀ ਮੁੱਖ ਸੜਕ ਬੰਦ ਕਰ ਦਿਤੀ ਗਈ ਹੈ। ਓਹਨਾ ਕਿਹਾ ਕਿ ਜੇਕਰ 2 ਵਜੇ ਤੋਂ ਬਾਅਦ ਕੋਈ ਦੁਕਾਨ ਖੁਲੀ ਨਜਰ ਆਈ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।